Magazine on Low External Input Sustainable Agriculture

ਸਤੰਬਰ-2023, ਅੰਕ 22

# LEISA INDIA

ਖਾਸ ਪੰਜਾਬੀ ਸੰਸਕਰਨ



## ਜ਼ਹਿਰ ਮੁਕਤ ਖੇਤੀ – ਜ਼ਹਿਰ ਮੁਕਤ ਖੁਰਾਕ ਅਤੇ ਸਿਹਤਮੰਦ ਸਮਾਜ ਦੀ ਰਚਨਾ ਵੱਲ ਵੱਧਦੇ ਕਦਮ.....

# ਲੀਜ਼ਾ ਪੰਜਾਬੀ

ਸਤੰਬਰ-2023

ਲੀਜ਼ਾ ਇੰਡੀਆਂ ਦਾ 22ਵਾਂ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਜ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆਂ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।



AME Foundation
No. 204, 100 Feet Ring Road, 3rd Phase,
Banashankari 2nd Block, 3rd Stage,
Bangalore-560085, India
Tel: +91-080-22699512, +91-080-22699522
Fax : +91-080-22699410
E-mail : leisaindia@yahoo.co.in

**ਖੇਤੀ ਵਿਰਾਸਤ ਮਿਸ਼ਨ**

ਗਲੀ ਨੰ. 4, ਆਰ.ਵੀ.ਸ਼ਾਂਤੀ ਨਗਰ, ਬਾਜਾਖਾਨਾ ਰੋਡ,
ਜੈਤੋ-151202 ਸੰਪਰਕ: 01635-231415, 503415
ਵੈੱਬਸਾਇਟ : khetivirsatmission.org
ਈਮੇਲ: khetivirasatmission@gmail.com



ਲੀਜ਼ਾ ਇੰਡੀਆ ਏ.ਐੱਮ.ਈ. ਫਾਂਊਡੇਸ਼ਨ ਦੁਆਰਾ ਆਈ.ਐੱਲ.ਈ. ਆਈ.ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।



**ਮੁੱਖ ਸੰਪਾਦਕ** : ਟੀ.ਐੱਮ. ਰਾਧਾ, ਏ.ਐੱਮ.ਈ. ਫਾਂਊਡੇਸ਼ਨ
**ਪ੍ਰਬੰਧਕ ਸੰਪਾਦਕ** : ਕੇ.ਵੀ.ਐੱਸ. ਪ੍ਰਸ਼ਾਦ, ਏ.ਐਮ.ਈ.ਫਾਂਊਡੇਸ਼ਨ
**ਅਨੁਵਾਦ ਕੋਆਰਡੀਨੇਟਰ:** ਬੀ.ਐੱਮ.ਸੰਜਨਾ, ਏ.ਐੱਮ.ਈ. ਫਾਂਊਡੇਸ਼ਨ
**ਸੰਪਾਦਕ ਮੰਡਲ ਅਤੇ ਪੰਜਾਬੀ ਸੰਸਕਰਨ** : ਉਮੇਂਦਰ ਦੱਤ, ਅਮਨਜੋਤ ਕੌਰ
**ਪ੍ਰਬੰਧਨ** : ਜੀ.ਜੀ. ਰੁਕਮਨੀ, ਏ.ਐੱਮ.ਈ. ਫਾਂਊਡੇਸ਼ਨ
**ਲੇਆਉਟ ਅਤੇ ਟਾਈਪ ਸੈਟਿੰਗ** : ਰਾਣੀ, ਗੁਰਪ੍ਰੀਤ ਕੌਰ
**ਛਪਾਈ:** ਸੁਭਾਸ਼ ਮਿੱਤਲ ਪ੍ਰਿੰਟਿਗ ਪ੍ਰੈਸ, ਬਠਿੰਡਾ ।
**ਆਵਰਣ ਫੋਟੋ** : ਖੇਤੀ ਵਿਰਾਸਤ ਮਿਸ਼ਨ
**ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਾਸ਼ਨ** : ਫਾਰਮਿੰਗ ਮੈਟਰਜ਼ (ਅੰਗਰੇਜ਼ੀ)
ਲੀਜ਼ਾ ਰੀਵਿਸਟਾ ਡੇ ਐਗਰੋਈਕੋਲੋਜ਼ੀਆ (ਲਾਤੀਨੀ ਸੰਸਕਰਨ)
ਲੀਜ਼ਾ ਇੰਡੀਆ (ਅੰਗਰੇਜ਼ੀ, ਕੰਨਾੜਾ, ਤਾਮਿਲ, ਉੜੀਆ, ਮਰਾਠੀ, ਹਿੰਦੀ ਅਤੇ ਤੇਲਗੂ ਸੰਸਕਰਨ)
ਐਗਰੀਡੇਪ (ਪੱਛਮੀ ਅਫਰੀਕਾ, ਫਰੈਂਚ ਸੰਸਕਰਨ)
ਐਗਰੀਕਲਚਰਜ਼ ਐਕਸਪੀਰੀਐਸਿਆਸ ਏਮ ਐਗਰੋਈਕੋਲੋਜ਼ੀਆ ਬ੍ਰਾਜ਼ੀਲ
ਬੋਆਬਾਬ (ਈਸਟ ਅਫਰੀਕਾ ਅੰਗਰੇਜ਼ੀ ਸੰਸਕਰਨ)
ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਮੀ ਦੀ ਜ਼ਿੰਮੇਵਾਰੀ ਸਬੰਧਤ ਲੇਖਕ ਦੀ ਹੋਵੇਗੀ ।
**ਮਾਇਜੇਰੀਅਮ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਉੱਦਮ ਸਦਕਾ ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ**


**ਪਿਆਰੇ ਪਾਠਕੋ,**

**ਏ.ਐੱਮ.ਈ. ਫਾਊਡੇਸ਼ਨ ਦੁਆਰਾ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੱਢੇ ਗਏ ਪੰਜਾਬੀ ਸੰਸਕਰਨ ਦਾ 22 ਵਾਂ ਅੰਕ ਆਪ ਜੀ ਦੀ ਨਜ਼ਰ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪੱਤ੍ਰਿਕਾ ਨੂੰ ਆਪ ਜੀ ਤੋਂ ਮਿਲ ਰਹੇ ਭਰਪੂਰ ਹੁੰਗਾਰੇ ਅਤੇ ਪਿਆਰ ਸਦਕਾ ਲੀਜ਼ਾ ਪੰਜਾਬੀ ਰਾਹੀਂ ਆਪ ਜੀ ਤੋਂ ਮਿਲ ਰਹੇ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਦੀ ਸਾਡੀ ਪ੍ਰਤੀਬੱਧਤਾ ਹੋਰ ਮਜ਼ਬੂਤ ਹੋਈ ਹੈ।**

**ਇਸ ਅੰਕ ਵਿੱਚ ਅਸੀਂ ਖੇਤੀ ਪਰਿਸਥਿਕੀ ਬਾਰੇ ਤੁਹਾਡੇ ਨਾਲ ਜਾਣਕਾਰੀ ਸਾਂਝੀ ਕਰਾਂਗੇ। ਇਸ ਵਿੱਚ ਅਸੀਂ ਤੁਹਾਡੇ ਨਾਲ ਉਸ ਖੇਤੀ ਦੀ ਗੱਲ ਕਰਾਂਗੇ, ਜੋ ਕਿ ਕੁਦਰਤ ਨਾਲ ਮਿਲ ਕੇ ਕੀਤੀ ਜਾਂਦੀ ਹੈ। ਖੇਤੀ ਪਰਿਸਥਿਕੀ ਪੌਦਿਆਂ, ਜਾਨਵਰਾਂ, ਲੋਕਾਂ ਅਤੇ ਉਹਨਾਂ ਦੇ ਵਾਤਾਵਰਣ ਅਤੇ ਫਿਰ ਇਹਨਾਂ ਰਿਸ਼ਤਿਆਂ ਦਰਮਿਆਨ ਸੰਤੁਲਨ ਦਾ ਅਧਿਐਨ ਹੈ। ਖੇਤੀ ਪਰਿਸਥਿਤਕੀ ਦਾ ਮੁੱਖ ਸਿਧਾਂਤ ਹੈ ਕਿ ਹਰ ਇੱਕ ਚੀਜ਼ ਆਪਸ ਵਿੱਚ ਜੁੜੀ ਹੋਈ ਹੈ।**

**ਇਸ ਤਰ੍ਹਾਂ ਸਾਡੀ ਹਮੇਸ਼ਾ ਕੋਸ਼ਿਸ ਹੁੰਦੀ ਹੈ ਕਿ "ਲੀਜ਼ਾ ਇੰਡੀਆ" ਦੁਆਰਾ ਖੇਤੀ ਕਿਸਾਨੀ ਦੀ ਬੇਹਤਰੀ ਅਤੇ ਖੇਤੀ ਟਿਕਾਊ ਆਜੀਵਿਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਿਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪ ਜੀ ਨਾਲ ਨਿਰੰਤਰ ਸਾਂਝਾ ਕੀਤਾ ਜਾਵੇ। ਆਸ ਕਰਦੇ ਹਾਂ ਕਿ ਲੀਜ਼ਾ ਇੰਡੀਆ ਦਾ ਹਥਲਾ ਪੰਜਾਬੀ ਸੰਸਕਰਨ ਪਾਠਕਾਂ ਦੀਆਂ ਆਸਾਂ ਤੇ ਖਰ੍ਹਾਂ ਉੱਤਰੇਗਾ।**

**ਲੀਜ਼ਾ ਇੰਡੀਆ ਟੀਮ**

**ਸਤੰਬਰ- 2023**

ਲੀਜ਼ਾ ਘੱਟ ਬਾਹਰੀ ਆਗਤਾਂ (ਖਾਦਾਂ ਅਤੇ ਰਸਾਇਣ ਦਵਾਈਆਂ) ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂ ਕਰਵਾਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵਉੱਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਹਨਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸਮੁਦਾਇਆਂ ਦੇ ਸ਼ਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਅਤੇ ਇਸਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਹੋਰਨਾ ਲੋਕਾਂ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੰਦੀ ਹੈ। ਲੀਜ਼ਾ ਰਵਾਇਤੀ ਗਿਆਨ ਅਤੇ ਵਿਗਿਆਨ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ ਇੱਕ ਰਾਜਨੀਤਕ ਸੁਨੇਹਾਂ ਹੈ ।

ਏ.ਐੱਮ.ਈ. ਫਾਂਊਡੇਸ਼ਨ ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਏ.ਐੱਮ.ਈ.ਫਾਂਊਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜ਼ੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ.ਐੱਮ.ਈ.ਫਾਂਊਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਦਤੀ ਤਿਆਰ ਕਰਨ ਅਤੇ ਅਪਨਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਦੇਖਣ-ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹੈ। www.amefound.org

ਖੇਤੀ ਵਿਰਾਸਤ ਮਿਸ਼ਨ ਸਵੈਨਿਰਭਰ, ਸਵੈਮਾਣੀ, ਸਵਦੇਸ਼ੀ ਖੇਤੀ ਅਤੇ ਸਰਬਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ, 2005 ਤੋਂ ਹੀ ਇਹ ਪੰਜਾਬ ਨੂੰ ਦਰਪੇਸ਼ ਖੇਤੀ ਸਿਹਤਾਂ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਮਾਣ ਜ਼ਹਿਰੀਲੀ ਰਸਾਇਣਿਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

ਮਾਇਜੇਰੀਅਰ ਦੀ ਸਥਾਪਨਾਂ 1958 ਵਿੱਚ ਹੋਈ। ਇਹ ਜ਼ਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਤੋਂ ਵੀ ਜਿਆਦਾ ਸਾਲਾਂ ਤੋਂ ਮਾਇਜੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਵਿੱਚ ਗਰੀਬੀ ਖਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇਜੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤੀ ਤਿਆਰ-ਬਰ-ਤਿਆਰ ਖੜਾ ਹੈ। (www.misereor.de;misereor.org)

# ਇਸ ਅੰਕ ਵਿੱਚ ......

## ਖੇਤੀ ਪਰਿਸਥਿਤਕੀ ਕੀ ਹੈ?

ਖੇਤੀ ਪਰਿਸਥਿਤਕੀ ਇੱਕ ਬਿਲਕੁਲ ਨਵਾਂ ਸ਼ਬਦ ਹੈ ਜੋ ਕਿ ਹੌਲੀ-ਹੌਲੀ ਆਪਣੀ ਪਕੜ ਬਣਾ ਰਿਹਾ ਹੈ। ਖੇਤੀ ਪਰਿਸਥਿਤਕੀ ਦੇ ਸਿਧਾਂਤ ਸਾਲਾਂ ਤੋਂ ਵਰਤੇ ਜਾ ਰਹੇ ਹਨ। ਪਿਛਲੇ ਕੁੱਝ ਸਮੇਂ ਤੋਂ ਇਸ ਨੂੰ ਅਨੇਕਾਂ ਨਾਮਾਂ ਨਾਲ ਜਾਣਿਆ ਜਾਣ ਲੱਗਿਆ ਹੈ ਜਿਵੇਂ ਟਿਕਾਊ ਖੇਤੀ, ਕੁਦਰਤੀ ਖੇਤੀ, ਜ਼ੀਰੋ ਬਜਟ ਕੁਦਰਤੀ ਖੇਤੀ, ਪਰਮਾਕਲਚਰ ਆਦਿ ਜਿਸਦੇ ਮੂਲ ਸਿਧਾਂਤ ਅਤੇ ਮੁੱਲ ਇੱਕੋ ਜਿਹੇ ਹੀ ਰਹਿੰਦੇ ਹਨ।

**ਪੇਜ ਨੰ: 1**

## ਖੇਤੀ ਪਰਿਸਥਿਤਕੀ ਸਿੱਖਿਆ



ਸਿੱਖਣ ਦੇ ਲਈ ਰੇਖਿਕ ਤੋਂ ਚੱਕਰਵਾਦੀ ਦ੍ਰਿਸ਼ਟੀਕੋਣ ਵੱਲ ਮੁੜਨ ਦੀ ਬੜੀ ਲੋੜ ਹੈ। ਇਹ ਉਦੋਂ ਹੀ ਸੰਭਵ ਹੋ ਸਕਦਾ ਹੈ ਜਦ ਵਿਦਿਆਰਥੀ ਵਿਵਸਥਿਤ ਸੋਚ ਨੂੰ ਅਪਣਾਉਣ ਅਤੇ ਸਿੱਖਣ ਪ੍ਰਕ੍ਰਿਆ ਵਿੱਚ ਸ਼ਾਮਿਲ ਹੋ ਕੇ ਪ੍ਰਮੁੱਖ ਯੋਗਤਾਵਾਂ ਦਾ ਨਿਰਮਾਣ ਕਰਨ, ਜਿਸਦੇ ਲਈ ਸਹੂਲਤ ਤਾਂ ਦਿੱਤੀ ਜਾ ਸਕਦੀ ਹੈ ਪਰ ਸਿਖਾਇਆ ਨਹੀਂ ਜਾ ਸਕਦਾ।

**ਪੇਜ ਨੰ: 3**

## ਖੇਤੀ ਪਰਿਸਥਿਤੀ ਨੂੰ ਪਰਿਸਥਿਤਕੀ ਨੂੰ ਪ੍ਰੋਤਸਾਹਿਤ ਕਿਵੇ ਕਰੀਏ



ਖੇਤੀ ਪਰਿਸਥਿਤਕੀ ਦ੍ਰਿਸ਼ਟੀਕੋਣ ਬਹੁਤ ਹੀ ਸਥਾਨ ਵਿਸ਼ੇਸ਼ ਹਨ ਕਿਉਂਕਿ ਇਹ ਭੋਜਨ ਦੀਆਂ ਲੋੜਾਂ, ਆਜੀਵਿਕਾ, ਸਥਾਨਕ ਸੱਭਿਆਚਾਰ, ਵਾਤਾਵਰਣ ਅਤੇ ਅਰਥਵਿਵਸਥਾ ਨੂੰ ਆਪਸ ਵਿੱਚ ਜੋੜਦੇ ਹਨ। ਖੇਤੀ ਪਰਿਸਥਿਤਕੀ ਦੀ ਸਿੱਖਿਆ ਇੱਕ ਸੰਪੂਰਨ ਦ੍ਰਿਸ਼ਟੀਕੋਣ ਹੈ ਜੋ ਇਹਨਾਂ ਕੜੀਆਂ ਨੂੰ ਜੋੜਦੀ ਹੈ ਜਿੱਥੇ ਇਸ ਸਾਰੀ ਪ੍ਰਕ੍ਰਿਆ ਦਾ ਕੇਂਦਰ ਬਿੰਦੂ ਇੱਕ ਕਿਸਾਨ ਹੈ।

**ਪੇਜ ਨੰ: 11**

## ਖੇਤੀ-ਪਰਿਸਥਿਤਕੀ ਦ੍ਰਿਸ਼ਟੀਕੋਣ ਨੂੰ ਮੁੜ ਸੁਰਜੀਤ ਕਰਨ ਲਈ ਰਣਨੀਤੀਆਂ

ਕਿਸੇ ਵੀ ਸਿੱਖਿਆ ਪ੍ਰਣਾਲੀ ਦਾ ਕੇਂਦਰ ਗਿਆਨ ਹੁੰਦਾ ਹੈ। ਇਹ ਲੇਖ ਇਹ ਉਜਾਗਰ ਕਰਦਾ ਹੈ ਕਿ ਕਿਸ ਤਰ੍ਹਾ ਮੂਲ ਅਨਾਜਾਂ ਬਾਰੇ ਕਿਸਾਨਾਂ ਦੇ ਪ੍ਰੰਪਰਿਕ ਗਿਆਨ ਨੂੰ ਲੱਭਣਾ, ਮੁੜ ਸੁਰਜੀਤ ਕਰਨਾ ਅਤੇ ਫਿਰ ਉਸਦਾ ਦਸਤਾਵੇਜ਼ੀਕਰਨ ਕਰਨ ਦਾ ਕੰਮ ਕੀਤਾ ਗਿਆ, ਕਿਸ ਤਰ੍ਹਾ ਪ੍ਰਤਿਭਾਗੀ ਕਿਸਮ ਪਰੀਖਣਾਂ ਰਾਹੀ 'ਕਿਸਾਨ ਕੇਂਦ੍ਰਿਤ ਖੋਜ ਪ੍ਰਕ੍ਰਿਆ' ਕੀਤੀ ਗਈ ਅਤੇ ਕਿਵੇਂ ਪਰੀਖਣ, ਪਹੁੰਚ ਅਤੇ ਗਿਆਨ ਦੇ ਪ੍ਰਸਾਰ ਦੇ ਲਈ ਸੁਮਦਾਇ ਆਧਾਰਿਤ ਗਿਆਨ ਕੇਂਦਰ ਬਣਾਇਆ ਗਿਆ।

**ਪੇਜ ਨੰ: 15**

# ਸੰਪਾਦਕੀ....

ਖੇਤੀ ਪਰਿਸਥਿਤਕੀ ਇੱਕ ਬਿਲਕੁਲ ਨਵਾਂ ਸ਼ਬਦ ਹੈ ਜੋ ਕਿ ਹੌਲੀ-ਹੌਲੀ ਆਪਣੀ ਪਕੜ ਬਣਾ ਰਿਹਾ ਹੈ। ਖੇਤੀ ਪਰਿਸਥਿਤਕੀ ਦੇ ਸਿਧਾਂਤ ਸਾਲਾਂ ਤੋਂ ਵਰਤੇ ਜਾ ਰਹੇ ਹਨ। ਪਿਛਲੇ ਕੁੱਝ ਸਮੇਂ ਤੋਂ ਇਸ ਅਨੇਕਾਂ ਨਾਮਾਂ ਨਾਲ ਜਾਣਿਆ ਜਾਣ ਲੱਗਿਆ ਹੈ ਜਿਵੇਂ ਟਿਕਾਊ ਖੇਤੀ, ਕੁਦਰਤੀ ਖੇਤੀ, ਜ਼ੀਰੋ ਬਜਟ ਕੁਦਰਤੀ ਖੇਤੀ, ਪਰਮਾਕਲਚਰ ਆਦਿ ਜਿਸਦੇ ਮੂਲ ਸਿਧਾਂਤ ਅਤੇ ਮੁੱਲ ਇੱਕੋ ਜਿਹੇ ਹੀ ਰਹਿੰਦੇ ਹਨ।

ਖੇਤੀ ਪਰਿਸਥਿਤਕੀ ਕੀ ਹੈ?


ਇਹ ਇੱਕ ਅਜਿਹੀ ਖੇਤੀ ਹੈ ਜੋ ਕੁਦਰਤ ਨਾਲ ਮਿਲ ਕੇ ਕੰਮ ਕਰਦੀ ਹੈ। ਖੇਤੀ ਪਰਿਸਥਿਤਕੀ ਪੌਦਿਆਂ, ਜਾਨਵਰਾਂ, ਲੋਕਾਂ ਅਤੇ ਉਹਨਾਂ ਦੇ ਵਾਤਵਰਣ ਅਤੇ ਫਿਰ ਇਹਨਾਂ ਰਿਸ਼ਤਿਆਂ ਦਰਮਿਆਨ ਸੰਤੁਲਨ ਦਾ ਅਧਿਐਨ ਹੈ। ਖੇਤੀ ਪਰਿਸਥਿਤਕੀ ਵਿਭਿੰਨਤਾ ਦਾ ਪੋਸ਼ਣ ਕਰਦੀ ਹੈ ਫਿਰ ਚਾਹੇ ਉਹ ਪੌਦੇ ਹੋਣ ਜਾਂ ਸੂਖ਼ਮ ਜੀਵ। ਇਸਦਾ ਮੁੱਖ ਸਿਧਾਂਤ ਹੈ ਕਿ ਹਰ ਇੱਕ ਚੀਜ਼ ਆਪਸ ਵਿੱਚ ਜੁੜੀ ਹੋਈ ਹੈ। ਇਹੀ ਗੱਲ ਇਸਨੂੰ ਇੱਕ ਪਾਸੇ ਜਟਿਲ ਬਣਾਉਂਦੀ ਹੈ ਤਾਂ ਦੂਜੇ ਪਾਸੇ ਲਚੀਲਾ ਵੀ ਬਣਾਉਂਦੀ ਹੈ। ਇਹ 'ਇੱਕ ਗੱਲ ਸਭ ਲਈ ਸਹੀ ਹੈ' ਦੇ ਬਿਲਕੁਲ ਉਲਟ ਹੈ।

ਗਿਆਨ ਉੱਪਰ ਆਧਾਰਿਤ ਹੋਣ ਕਾਰਨ ਇਸਨੂੰ ਗਿਆਨ ਨਿਰਮਾਣ ਅਤੇ ਸਹਿ ਸਿਰਜਣ ਦੀ ਲੋੜ ਹੁੰਦੀ ਹੈ। ਇਹ ਸਮੂਹਿਕ ਸਿਖਲਾਈ ਉੱਪਰ ਜ਼ੋਰ ਹੈ, ਜਿਸ ਵਿੱਚ ਕੁੱਝ ਵੀ ਇੱਕ ਤਰਫ਼ਾ ਨਹੀਂ। ਜੇ ਤੁਸੀਂ ਕੁੱਝ ਲੈ ਰਹੇ ਹਾਂ ਤਾਂ ਤੁਸੀਂ ਦੇ ਵੀ ਰਹੇ ਹੋ। ਇਹ ਸਮੱਸਿਆਵਾਂ ਦਾ ਹੱਲ ਸਥਾਨਕ ਪਰਿਸਥਿਤੀਆਂ ਅਨੁਸਾਰ ਕੱਢਣ ਦਾ ਯਤਨ ਕਰਦੀ ਹੈ ਜਿਸਦੇ ਲਈ ਕਈ ਸਾਰੇ ਢੰਗ ਤਰੀਕੇ ਅਪਣਾਏ ਜਾਂਦੇ ਹਨ। ਖੇਤੀ ਪਰਿਸਥਿਤਕੀ ਖੇਤੀ ਵਿੱਚ ਇੱਕ ਨਵੀਂ ਲਹਿਰ ਨੂੰ ਜਨਮ ਦੇ ਸਕਦੀ ਹੈ ਜਿੱਥੇ ਕੁਦਰਤ ਨਾਲ ਇੱਕਮਿੱਕਤਾ ਹੈ, ਸਥਾਨਕ ਪਰਿਸਥਿਤੀਆਂ ਅਤੇ ਸੰਸਾਧਨਾਂ ਅਨੁਸਾਰ ਚੁਣੌਤੀਆਂ ਨਾਲ ਨਜਿੱਠਣਾ ਹੈ। ਕੁੱਲ ਮਿਲਾ ਕੇ ਹਰ ਸਮੇਂ ਗਿਆਨ ਸਿਰਜਣ ਕਰਨਾ ਹੈ।

ਲੀਜ਼ਾ ਇੰਡੀਆ ਦੇ ਇਸ ਅੰਕ ਵਿੱਚ ਅਸੀਂ ਖੇਤੀ ਪਰਿਸਥਿਤਕੀ ਬਾਰੇ ਅਤੇ ਇਸ ਨਾਲ ਸੰਬੰਧਿਤ ਸਿੱਖਿਆ ਅਤੇ ਦ੍ਰਿਸ਼ਟੀਕੋਣਾਂ ਬਾਰੇ ਜਾਣਕਾਰੀ ਸਾਂਝਾ ਕੀਤੀ ਹੈ। ਉਮੀਦ ਹੈ ਤੁਹਾਨੂੰ ਇਹ ਅੰਕ ਪਸੰਦ ਆਵੇਗਾ।

- ਧੰਨਵਾਦ

## LEISA INDIA Language Editions

| | | | | | | |
|---|---|---|---|---|---|---|
|  |  |  |  |  |  |  |
| Hindi | Kannada | Oriya | Tamil | Telgu | Marathi | Punjabi |

# ਖੇਤੀ ਪਰਿਸਥਿਤਕੀ ਸਿੱਖਿਆ

## ਸਿੱਖਿਆ ਸ਼ਾਸਤਰ ਅਤੇ ਅਭਿਆਸ

**- ਅੰਸ਼ੂਮਨ ਦਾਸ**

ਸਿੱਖਣ ਦੇ ਲਈ ਰੇਖਿਕ ਤੋਂ ਚੱਕਰਵਾਦੀ ਦ੍ਰਿਸ਼ਟੀਕੋਣ ਵੱਲ ਮੁੜਨ ਦੀ ਬੜੀ ਲੋੜ ਹੈ। ਇਹ ਉਦੋਂ ਹੀ ਸੰਭਵ ਹੋ ਸਕਦਾ ਹੈ ਜਦੋਂ ਵਿਦਿਆਰਥੀ ਵਿਵਸਥਿਤ ਸੋਚ ਨੂੰ ਅਪਣਾਉਣ ਅਤੇ ਸਿੱਖਣ ਪ੍ਰਕ੍ਰਿਆ ਵਿੱਚ ਸ਼ਾਮਿਲ ਹੋ ਕੇ ਪ੍ਰਮੁੱਖ ਯੋਗਤਾਵਾਂ ਦਾ ਨਿਰਮਾਣ ਕਰਨ, ਜਿਸਦੇ ਲਈ ਸਹੂਲਤ ਤਾਂ ਦਿੱਤੀ ਜਾ ਸਕਦੀ ਹੈ ਪਰ ਸਿਖਾਇਆ ਨਹੀਂ ਜਾ ਸਕਦਾ।



ਵਿਦਿਆਰਥੀ ਖੇਤ ਦੀ ਸਥਿਤੀ ਅਤੇ ਕਿਸਾਨਾਂ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਲਈ ਕਿਸਾਨਾਂ ਨਾਲ ਗੱਲਬਾਤ ਕਰਦੇ ਹਨ।

ਪ੍ਰਫੈਸਰ ਦੱਸਦੇ ਹਨ, "ਸਾਡੇ ਵਿਦਿਆਰਥੀਆਂ ਲਈ ਖੇਤ ਵਿੱਚ ਜਾਣਾ ਜਰੂਰੀ ਹੈ। ਇੱਥੋਂ ਤੱਕ ਕਿ ਮੈਂ ਵੀ ਖੇਤਾਂ ਵਿੱਚ ਨਿਯਮਿਤ ਜਾਂਦਾ ਹਾਂ। ਜਿਵੇਂ ਕਿ ਤੁਸੀ ਦੇਖ ਰਹੇ ਹੋ ਕਿਸਾਨਾਂ ਦਾ ਗਿਆਨ ਕਾਫ਼ੀ ਕਮਜ਼ੋਰ ਹੈ, ਖ਼ਾਸ ਕਰਕੇ ਆਧੁਨਿਕ ਤਕਨੀਕਾਂ ਬਾਰੇ।" "ਅਸੀਂ ਕਿਸਾਨਾਂ ਦੀਆਂ ਸਮੱਸਿਆਵਾਂ ਸਮਝਣ ਲਈ ਡਾਟਾ ਇਕੱਠਾ ਕਰਨ ਜਾਂਦੇ ਹਾਂ। " ਪਿੱਛਿਓ ਇੱਕ ਵਿਦਿਆਰਥੀ ਨੇ ਚਹਿਕਦੇ ਹੋਏ ਦੱਸਿਆ।

ਸਾਡੀ ਖੇਤੀ ਸਿੱਖਿਆ ਹਾਲੇ ਵੀ ਕਿਸਾਨ ਨੂੰ ਇੱਕ ਬਾਹਰੀ ਹਿੱਸੇਦਾਰ ਦੇ ਰੂਪ ਵਿੱਚ ਦੇਖਦੀ ਹੈ - ਅਸੀਂ 'ਉਹਨਾਂ ਕੋਲ' ਉਹਨਾਂ ਦੀ 'ਸਮੱਸਿਆ ਸਮਝਣ' ਲਈ ਅਤੇ 'ਹੱਲ ਦੱਸਣ' ਲਈ 'ਗਏ'। ਇੱਕ ਉੱਘੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਸਾਹਮਣੇ ਸਪੱਸ਼ਟ ਤੌਰ 'ਤੇ ਹਵਾਲੇ ਦਾ ਜ਼ਿਕਰ ਕਰਦਿਆਂ ਮੈਨੂੰ ਮਹਿਸੂਸ ਹੋਇਆ ਕਿ ਮੈਂ ਇਸ ਵਾਕ ਦੁਆਰਾ ਉਹਨਾਂ ਨੂੰ ਉਹ ਸਮਝਾਉਣ ਵਿੱਚ ਅਸਫਲ ਰਿਹਾ ਜੋ ਮੈਂ ਚਾਹੁੰਦਾ ਸੀ। ਮੇਰੇ ਇਸ ਅਵਲੋਕਨ ਦੇ ਸਾਹਮਣੇ ਆਪਣੀ ਸਥਿਤੀ ਦਾ ਬਚਾਅ ਕਰਨ ਲਈ ਵੱਖ-ਵੱਖ ਤਰ੍ਹਾ ਦੀਆਂ ਪ੍ਰਤੀਕ੍ਰਿਆਵਾਂ ਆਈਆਂ।

ਅਸੀਂ ਪਿਛਲੇ 7 ਸਾਲਾਂ ਤੋਂ ਖੋਜਕਰਤਾਵਾਂ, ਸਮਾਜਿਕ ਕਾਰਜਕਰਤਾਵਾਂ ਅਤੇ ਅਭਿਆਸ ਕਰਨ ਵਾਲਿਆਂ ਲਈ ਖੇਤੀ ਪਰਿਸਥਿਤਕੀ ਉੱਪਰ ਕੋਰਸ ਚਲਾ ਰਹੇ ਹਾਂ। ਭਾਰਤ ਦੇ 15 ਰਾਜਾਂ ਅਤੇ 4 ਬਾਹਰਲੇ ਦੇਸ਼ਾਂ ਦੇ ਲਗਭਗ 150 ਵਿਦਿਆਰਥੀਆਂ ਨੇ ਇਸ ਕੋਰਸ ਵਿੱਚ ਭਾਗ ਲਿਆ। ਉਸ ਸਮੇਂ ਭਾਰਤ ਵਿੱਚ ਖੇਤੀ ਪਰਿਸਥਿਤਕੀ ਇੱਕ ਵਿਸ਼ੇ ਦੇ ਰੂਪ ਵਿੱਚ ਮੁੱਖਧਾਰਾ ਸਿੱਖਿਆ ਪ੍ਰਣਾਲੀ ਲਈ ਬਿਲਕੁਲ ਨਵਾਂ ਸੀ। ਹਾਲਾਂਕਿ ਖੇਤੀ ਪਰਿਸਥਿਤਕੀ ਦੇ ਤਰੀਕੇ ਕਾਫ਼ੀ ਲੰਬੇ ਸਮੇਂ ਤੋਂ ਵਰਤੇ ਜਾ ਰਹੇ ਹਨ - ਇਸਦਾ ਵਿਗਿਆਨ ਬਿਲਕੁਲ ਨਵਾਂ ਹੈ ਜਿਸ ਤਰ੍ਹਾਂ ਕਿ ਅੰਦੋਲਨ। ਭਾਰਤ ਵਿੱਚ ਕਿਸਾਨਾਂ ਦੇ ਅੰਦੋਲਨ ਹੋਏ ਹਨ ਪਰ ਜ਼ਿਆਦਾਤਰ ਆਰਥਿਕ ਮੁੱਦਿਆਂ, ਜ਼ਮੀਨ ਅਤੇ ਜੰਗਲ ਦੇ ਅਧਿਕਾਰਾਂ ਲਈ ਹੋਏ ਹਨ। ਇੱਥੋਂ ਤੱਕ ਕਿ ਮੌਜੂਦਾ ਕਿਸਾਨ ਸੰਘਰਸ਼ ਵੀ ਮੰਡੀਕਰਨ ਦੇ ਮੁੱਦੇ ਦੁਆਲੇ ਹੀ ਘੁੰਮ ਰਿਹਾ ਸੀ। ਖੇਤੀ ਪਰਿਸਥਿਤਕੀ ਸਿਖਲਾਈ ਹਾਲੇ ਵੀ ਜੈਵਿਕ ਖੇਤੀ ਜਾਂ ਟਿਕਾਊ ਖੇਤੀ ਕੋਰਸ ਦੀ ਉਮੀਦ ਅਤੇ ਅਰਥ ਨੂੰ ਬਾਹਰ ਲਿਆਉਂਦੀ ਹੈ। ਕੋਰਸ ਦੇ ਸ਼ੁਰੂਆਤੀ ਦਿਨਾਂ ਵਿੱਚ ਵਿਦਿਆਰਥੀਆਂ ਨੂੰ ਇਹ ਸਮਝਾਉਣਾ ਇੱਕ ਚੁਣੌਤੀ ਸੀ ਕਿ ਇਹ ਖੁੱਲੇ ਪ੍ਰਸ਼ਨਾਂ ਨਾਲ ਸੰਬੰਧਿਤ ਹੈ ਜਿੱਥੇ ਵਿਦਿਆਰਥੀ ਪਹਿਲਾਂ ਤੋਂ ਹੀ ਨਿਰਧਾਰਤ ਹੱਲਾਂ ਦੀ ਬਜਾਏ ਅਸਲੀ ਵਰਤਾਰੇ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਹੱਲ ਕਰਕੇ ਸਿੱਖਦੇ ਹਨ।

ਵਿਦਿਆਥੀਆਂ ਦੀਆਂ ਮੁੱਢਲੀਆਂ ਉਮੀਦਾਂ ਜ਼ਿਆਦਾਤਰ ਜੈਵਿਕ ਖੇਤੀ ਦੀਆਂ ਤਕਨੀਕਾਂ ਸਿੱਖਣ ਬਾਰੇ ਸਨ। ਤਕਨੀਕ ਉੱਪਰ ਜ਼ਿਆਦਾ ਧਿਆਨ ਕਿਸੇ ਚੁਣੌਤੀ ਨੂੰ ਹੱਲ ਕਰਨ ਦਾ ਸਭ ਤੋਂ ਸੌਖਾ ਤਰੀਕਾ ਹੈ। ਜਿਵੇਂ-ਜਿਵੇਂ ਦਿਨ ਬੀਤੇ, ਵਿਗਿਆਨ ਅਤੇ ਤਕਨੀਕ ਹੌਲੀ-ਹੌਲੀ ਲੁਪਤ ਹੋਣ ਲੱਗਿਆ। ਆਧੁਨਿਕ ਵਿਗਿਆਨ ਬਹੁਤ ਹੀ ਸਰਲ ਅਤੇ ਕਟੌਤੀਵਾਦੀ ਹੋ ਗਿਆ ਹੈ - ਜਿਵੇਂ ਤੁਰੰਤ ਹੀ ਦਵਾਈ ਦੱਸ ਦੇਣਾ- ਇਹ ਸਾਡੀ ਸਿੱਖਿਆ ਪ੍ਰਣਾਲੀ ਵਿੱਚ ਵੀ ਆ ਰਿਹਾ ਹੈ, ਖ਼ਾਸ ਕਰਕੇ ਸਾਡੀ ਖੇਤੀਬਾੜੀ ਵਿੱਚ। ਇੱਕ ਕੀੜੇ ਲਈ ਇੱਕ ਕੀਟਨਾਸ਼ਕ ਅਜਿਹੇ ਹੀ ਕਟੌਤੀਵਾਦ ਦੀ ਇੱਕ ਸ਼ਾਨਦਾਰ ਉਦਾਹਰਨ ਹੈ। ਇੱਥੋਂ ਤੱਕ ਕਿ ਬਾਹਰੀ ਸਮੱਗਰੀ ਆਧਾਰਿਤ ਰਸਾਇਣਿਕ ਖੇਤੀ ਦੇ ਵਿਕਲਪ ਵੀ ਇਸੇ ਰਸਤੇ ਤੁਰਦੇ ਮਹਿਸੂਸ ਹੋ ਰਹੇ ਹਨ। ਬੀਜ ਅੰਮ੍ਰਿਤ, ਜੀਵ ਅੰਮ੍ਰਿਤ, ਮਲਚਿੰਗ, ਬ੍ਰਹਮਅਸਤਰ ਆਦਿ। ਹਾਲਾਂਕਿ ਇਹ ਚਰਚਾ ਲਈ ਇੱਕ ਅਲੱਗ ਹੀ ਵਿਸ਼ਾ ਹੈ- ਪਰ ਤਕਨੀਕ ਨਾਲ ਸਭ ਹੱਲ ਕਰਨ ਉੱਪਰ ਜ਼ਿਆਦਾ ਫੋਕਸ ਸਾਡੇ ਖੇਤੀਬਾੜੀ ਸਿੱਖਿਆ ਪ੍ਰਣਾਲੀ ਵਿੱਚ ਆਪਣੀ ਘੁਸਪੈਠ ਬਣਾ ਚੁੱਕਿਆ ਹੈ।

**ਇਹ ਸਭ ਕਿਸ ਬਾਰੇ ਹੈ :** ਹਾਲਾਂਕਿ ਵਿਦਿਆਰਥੀਆਂ ਨੂੰ ਇਹ ਸਮਝਣ ਵਿੱਚ ਕਾਫ਼ੀ ਸਮਾਂ ਲੱਗਿਆ ਕਿ ਖੇਤੀ ਪਰਿਸਥਿਤਕੀ ਰਵਾਇਤੀ ਖੇਤੀ ਵਿੱਚ ਸਿਰਫ਼ ਤਕਨੀਕ ਦੀ ਤਬਦੀਲੀ ਨਹੀਂ ਹੈ। ਉਹ ਹੌਲੀ-ਹੌਲੀ ਸਮਝ ਗਏ ਕਿ ਇਹ ਕੋਰਸ, ਅਜਿਹੇ ਖੇਤੀ ਪਰਿਸਥਿਤਕੀ ਤੰਤਰ ਨੂੰ ਜੋ ਕਿ ਉਤਪਾਦਕ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਨ ਵਾਲਾ ਹੈ , ਦਾ ਅਧਿਐਨ , ਡਿਜ਼ਾਈਨ ਅਤੇ ਪ੍ਰਬੰਧਨ ਕਿਸ ਤਰ੍ਹਾ

ਕੀਤਾ ਜਾਵੇ, ਬਾਰੇ ਫਰੇਮਵਰਕ ਪ੍ਰਦਾਨ ਕਰਨ ਲਈ ਵਧੇਰੇ ਸੀ । ਕਿਉਂਕਿ ਖੇਤੀ ਪਰਿਸਥਿਤਕੀ ਸਿਧਾਂਤਾਂ ਨੂੰ ਪੜ੍ਹਾਉਣ ਦੀ ਜਗ੍ਹਾ ਜ਼ਿਆਦਾ ਫੋਕਸ ਖੇਤੀ ਪਰਿਸਥਿਤਕੀ ਵਿਗਿਆਨੀ ਵਿਕਸਿਤ ਕਰਨ ਬਾਰੇ ਸੀ, ਵਿਦਿਆਰਥੀਆਂ ਦੀ ਅਸਲੀ ਜਿੰਦਗੀ ਦੀਆਂ ਪਰਿਸਥਿਤੀਆਂ ਅਤੇ ਘਟਨਾਵਾਂ ਨਾਲ ਸਾਹਮਣਾ ਕਰਵਾਇਆ ਗਿਆ। ਸਰਲ ਦ੍ਰਿਸ਼ਟੀਕੋਣ ਦੀ ਤੁਲਨਾ ਵਿੱਚ ਇਸਨੇ ਵਿਭਿੰਨ ਵਿਵਸਥਾਵਾਂ ਜਿਵੇਂ ਖੇਤੀ ਵਿਵਸਥਾ, ਕੁਦਰਤੀ ਈਕੋਸਿਸਟਮ, ਖਾਦ ਵਿਵਸਥਾ, ਮੰਡੀਕਰਨ ਵਿਵਸਥਾ, ਸਮਾਜਿਕ ਵਿਵਸਥਾ ਅਤੇ ਰਾਜਨੀਤਿਕ ਵਿਵਸਥਾ ਆਦਿ ਵਿਚਕਾਰ ਹੋਣ ਵਾਲੀ ਗੱਲਬਾਤ ਰਾਹੀ ਕਿਸੇ ਵੀ ਸਥਿਤੀ ਨੂੰ ਸਮਝਣ ਲਈ ਗੁੰਜਾਇਸ਼ ਵੀ ਬਣਾਈ ਹੈ।


ਕੋਰਸ ਦੌਰਾਨ ਸਿੱਖਣ ਦੇ ਰੇਖਿਕ ਦ੍ਰਿਸ਼ਟੀਕੋਣ ਦੀ ਜਗ੍ਹਾ ਚੱਕਰੀ ਦ੍ਰਿਸ਼ਟੀਕੋਣ ਦਾ ਅਭਿਆਸ ਕੀਤਾ ਗਿਆ ਅਤੇ ਇੱਕ ਸਰਗਰਮ ਕਿਰਿਆ ਪ੍ਰਤੀਬਿੰਬ ਆਧਾਰਿਤ ਸਿੱਖਿਆ ਸ਼ਾਸਤਰ ਉੱਪਰ ਧਿਆਨ ਕੇਂਦ੍ਰਿਤ ਕੀਤਾ ਗਿਆ। ਸਮਾਜਿਕ ਸਿਖਲਾਈ ਥਿਊਰੀ ਦੇ ਨਾਲ ਮਿਲ ਕੇ ਰਿਵਾਇਤੀ ਥਿਊਰੀ ਆਧਾਰਿਤ ਰਣਨੀਤੀਆਂ ਦੇ ਮੁਕਾਬਲੇ ਜ਼ਿਆਦਾ ਪ੍ਰਭਾਵਸ਼ਾਲੀ ਹੈ ਅਤੇ ਜਦੋਂ ਗੁੰਝਲਦਾਰ ਟਿਕਾਊ ਚੁਣੌਤੀਆਂ ਨੂੰ ਸਮਝਣ ਅਤੇ ਸੰਭਾਲਣ ਦੀ ਗੱਲ ਆਉਂਦੀ ਹੈ ਤਾਂ ਇਹ



ਕਿਸਾਨਾਂ ਦੇ ਨਾਲ ਕੰਮ ਕਰਦੇ ਵਿਦਿਆਰਥੀ

ਜ਼ਿਆਦਾ ਢੁੱਕਵੀ ਹੈ। ਕ੍ਰਿਆ ਸਿਖਲਾਈ ਕਲਾਸਰੂਮ ਦੇ ਬਾਹਰ ਜਟਿਲ ਸੰਸਾਰ ਵਿੱਚ ਹੁੰਦੀ ਹੈ। ਇਸ ਤਰ੍ਹਾ ਸਿੱਖਣ ਦਾ ਹਰੇਕ ਹਿੱਸਾ ਅਸਲੀ ਜਿੰਦਗੀ ਦੇ ਤਜ਼ਰਬਿਆਂ ਨਾਲ ਸ਼ੁਰੂ ਹੁੰਦਾ ਹੈ ਅਤੇ ਉਸ ਤੋਂ ਬਾਅਦ ਵਿਸ਼ੇ ’ਤੇ ਚਿੰਤਨ ਅਤੇ ਅਗਾਊਂ ਸਿਧਾਤਾਂ ਉੱਪਰ ਕੰਮ ਕੀਤਾ ਜਾਂਦਾ ਹੈ। ਮੁੱਖ ਕੰਮ ਖੇਤ ਨਾਲ ਜੁੜ ਕੇ ਖੇਤ ਉੱਪਰ ਕੰਮ ਕਰਦਿਆਂ ਖੇਤ ਦੀਆਂ ਚੁਣੌਤੀਆਂ ਦਾ ਪਤਾ ਕਰਨਾ ਅਤੇ ਮਿਲ ਕੇ ਉਹਨਾਂ ਦਾ ਹੱਲ ਲੱਭਣਾ ਸੀ। ਸਿਖਲਾਈ ਆਦਰਸ਼ ਖੇਤ ਵਿੱਚ ਸ਼ੁਰੂ ਹੋਈ ਅਤੇ ਪ੍ਰਦਰਸ਼ਨੀ ਰਾਹੀ ਵੱਡੀ ਗਿਣਤੀ ਦਰਸ਼ਕਾਂ ਨਾਲ ਆਪਣੇ ਤਜ਼ਰਬੇ ਸਾਂਝੇ ਕਰਨ ਨਾਲ ਖਤਮ ਹੋਈ। ਇਹ ਇੱਕ ਚੱਕਰੀ ਤਰੀਕੇ ਦੀ ਪਾਲਣ ਕਰਦਾ ਹੈ ਜਿੱਥੇ ਵਿਦਿਆਰਥੀਆਂ ਨੂੰ ਅਸਲੀ ਜਿੰਦਗੀ ਦੇ ਵਰਤਾਰੇ ਜਾਂ ਗਤੀਵਿਧੀਆਂ ਨਾਲ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹ ਪ੍ਰਤੀਬਿੰਬ ਰਾਹੀ ਸਿੱਖਦੇ ਅਤੇ ਗਿਆਨ ਪ੍ਰਾਪਤ ਕਰਦੇ ਹਨ ਅਤੇ ਫਿਰ ਉਹ ਅਗਲੇ ਕ੍ਰਿਆ ਚੱਕਰ ਵੱਲ ਵਧ ਜਾਂਦੇ ਹਨ ਜਿਵੇਂ ਕਿ ਚਿੱਤਰ ਵਿੱਚ ਦਿਖਾਇਆ ਗਿਆ ਹੈ।

**ਐਕਸਪੋਜ਼ਰ ਤੋਂ ਲੈ ਕੇ ਜੁੜਾਵ ਤੱਕ** ਖੇਤੀਬਾੜੀ ਸਿੱਖਿਆ ਵਿੱਚ, ਕਿਸਾਨ ਨੂੰ ਹਮੇਸ਼ਾ ਖੇਤੀ ਵਿਸਤਾਰ ਪ੍ਰਣਾਲੀ ਵਿੱਚ ਇੱਕ ਬਾਹਰੀ ਅਤੇ ਗਿਆਨ ਨੂੰ ਲੈਣ ਵਾਲੇ ਦੇ ਤੌਰ ’ਤੇ ਹੀ ਦੇਖਿਆ ਜਾਂਦਾ ਹੈ । ਇੱਥੇ ਹਰ ਕੋਈ ਕਿਸਾਨ ਨੂੰ ਸਿਖਾਉਣ ਲਈ ਹੈ ਕਿ ਖੇਤੀ ਕਿਵੇਂ ਕਰਨੀ ਹੈ। ਸਿਰਫ ਜਾਣਕਾਰੀ ਇਕੱਠੀ ਕਰਨ ਅਤੇ ਤਕਨੀਕ ਦਾ ਟਰਾਂਸਫਰ ਕਰਨ ਦੇ ਉਲਟ, ਕਿਸਾਨ ਅਤੇ ਹੋਰ ਅਭਿਆਸ ਕਰਨ ਵਾਲੇ ਇਸ ਕੋਰਸ ਵਿੱਚ ਇੱਕ ਗਿਆਨ ਕੇਂਦਰ ਦੇ ਰੂਪ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਵਿਦਿਆਰਥੀਆਂ ਨੇ ਪੂਰੇ ਕੋਰਸ ਦੌਰਾਨ ਕਿਸਾਨਾਂ ਨਾਲ ਕਾਫ਼ੀ ਗੱਲਬਾਤ ਕੀਤੀ ਅਤੇ ਉਹਨਾਂ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਲਈ ਉਹਨਾਂ ਦੇ ਨਾਲ ਵੀ ਰਹੇ। ਸ਼ੁਰੂਆਤ ਵਿੱਚ ਵਿਦਿਆਰਥੀਆਂ ਨੂੰ ਚੰਗੀ ਤਰ੍ਹਾ ਸਥਾਪਤ ਖੇਤੀ ਪਰਿਸਥਿਤਕੀ ਖੇਤਾਂ ਵਿੱਚ ਰੱਖਿਆ ਗਿਆ ਤਾਂ ਕਿ ਉਹ ਖੇਤ ਯੋਜਨਾਬੰਦੀ, ਤਕਨੀਕਾਂ, ਅਭਿਆਸ, ਬਾਜ਼ਾਰ ਨਾਲ ਸੰਪਰਕ ਆਦਿ ਚੰਗੀ ਤਰ੍ਹਾ ਸਮਝ ਸਕਣ। ਇਸ ਤਰ੍ਹਾ ਦੀਆਂ




ਗਤੀਵਿਧੀਆਂ ਸੁਤੰਤਰ ਹੀ ਹੁੰਦੀਆਂ ਹਨ ਪਰ ਇਸਦੇ ਨਾਲ ਹੀ ਢਾਂਚਾਗਤ ਵੀ ਹੁੰਦੀਆਂ ਹਨ ਜਿੱਥੇ ਕਿਸਾਨ ਪਹਿਲਾਂ ਹੀ ਵਿਦਿਆਰਥੀਆਂ ਨੂੰ ਖੇਤ ਵਿੱਚ ਕੰਮ ਕਰਨ, ਖੇਤ ਯੋਜਨਾਬੰਦੀ ਅਤੇ ਸਰੋਤ ਪ੍ਰਵਾਹ ਬਾਰੇ ਸਮਝਾਉਣ ਲਈ ਤਿਆਰ ਹੁੰਦੇ ਹਨ। ਇਸ ਅਨੁਭਵ ਤੋਂ ਸਿੱਖ ਕੇ, ਵਿਦਿਆਰਥੀਆਂ ਦੇ ਇੱਕ ਸਮੂਹ ਨੂੰ ਇੱਕ ਖੇਤ ਸੌਂਪਿਆ ਜਾਂਦਾ ਹੈ ਜਿੱਥੇ ਉਹ ਵੱਖ-ਵੱਖ ਸਾਧਨਾਂ ਰਾਹੀ ਚੁਣੌਤੀਆਂ ਦਾ ਮੁਲਾਂਕਣ ਕਰਦੇ ਹਨ ਅਤੇ ਬਾਕੀ ਦੇ ਸਮੇਂ ਦੌਰਾਨ ਉਹ ਮਿਲ ਕੇ ਹੱਲ ਲੱਭਦੇ ਹਨ। ਜਾਣਕਾਰੀ ਇਨਪੁਟ ਅਤੇ ਮਾਹਿਰਾਂ ਨਾਲ ਗੱਲਬਾਤ ਪਛਾਣੀਆਂ ਗਈਆਂ ਚੁਣੌਤੀਆਂ ਦੇ ਅਨੁਸਾਰ ਸੀ। ਕਿਸਾਨ ਵਿਦਿਆਰਥੀਆਂ ਦੇ ਬਾਰੇ ਵਿੱਚ ਫੀਡਬੈਕ ਦਿੰਦੇ ਹਨ ਜਿਵੇਂ ਕਿ ਉਹ ਸਿੱਖਣ ਲਈ ਕਿੰਨੇ ਉਤਸਕ ਹਨ, ਕੀ ਕਿਸੇ ਨੂੰ ਉੱਥੇ ਰੁਕਣ ਅਤੇ ਖੇਤ ਵਿੱਚ ਕੰਮ ਕਰਨ ਵਿੱਚ ਕਿਸੇ ਤਰ੍ਹਾ ਦੀ ਝਿਜਕ ਹੈ ਆਦਿ। ਕੁੱਝ ਮਾਮਲਿਆਂ ਵਿੱਚ, ਵਿਦਿਆਰਥੀਆਂ ਨੇ ਪ੍ਰੋਸੈਸਿੰਗ ਕਰਨ ਵਾਲਿਆਂ ਅਤੇ ਬੀਜ ਉਤਪਾਦਕਾਂ ਨਾਲ ਵੀ ਕੰਮ ਕੀਤਾ।

**ਗਿਆਨ ਤੋਂ ਲੈ ਕੇ ਮੁੱਖ ਯੋਗਤਾਵਾਂ ਤੱਕ:** ਕੋਰਸ ਦਾ ਫੋਕਸ ਖੇਤੀ ਪਰਿਸਥਿਤਕੀ ਪੜ੍ਹਾਉਣ ਦੀ ਜਗ੍ਹਾ ਖੇਤੀ ਪਰਿਸਥਿਤਕੀ ਵਿਗਿਆਨੀ ਬਣਾਉਣ ਉੱਪਰ ਸੀ। ਇਸ ਲਈ ਇਹ ਸਪੱਸ਼ਟ ਹੀ ਸੀ ਕਿ ਸਿਰਫ਼ ਪਾਠਕ੍ਰਮ ਦੀ ਬਜਾਏ ਵਿਦਿਆਰਥੀਆਂ ਉੱਪਰ ਫੋਕਸ ਕੀਤਾ ਜਾਵੇ। ਅਸੀਂ ਦੁਨੀਆ ਨੂੰ ਕਿਵੇਂ ਦੇਖਣਾ ਸਿੱਖਦੇ ਹਾਂ ਇਹ ਇਸ ਗੱਲ ਨੂੰ ਪ੍ਰਭਾਵਿਤ ਕਰਦਾ ਹੈ ਕਿ ਅਸੀਂ ਭਵਿੱਖ ਵਿੱਚ ਕੀ ਕਰਦੇ ਹਾਂ। ਨਤੀਜੇ ਵਜੋ, ਜੇਕਰ ਅਸੀਂ ਆਪਣੇ ਭਵਿੱਖ ਦੀ ਕਾਰਵਾਈ ਵਿੱਚ ਹੋਰ ਸਥਿਰਤਾ ਲਿਆਉਣ ਦਾ ਟੀਚਾ ਰੱਖਦੇ ਹਾਂ ਤਾਂ ਸਾਨੂੰ ਆਪਣੀ ਸਿੱਖਿਆ ਵਿਵਸਥਾ ਬਾਰੇ ਮੁੜ ਸੋਚਣ ਦੀ ਲੋੜ ਹੈ ਅਤੇ ਸਿੱਖਿਆ ਵਿੱਚ ਸਾਰਾ ਫੋਕਸ ਸਿਰਫ਼ ਕਿਤਾਬੀ ਜਾਣਕਾਰੀ ਦੀ ਜਗ੍ਹਾ ਯੋਗਤਾਵਾਂ ਅਤੇ ਸਮਰੱਥਾਵਾਂ ਉੱਪਰ ਵੀ ਲਿਆਉਣਾ ਪਏਗਾ ਜੋ ਕਿ ਉਹਨਾਂ ਦੇ ਆਪਣੇ ਤਜ਼ਰਬਿਆਂ ਕਰਕੇ ਬਾਹਰ ਆ ਰਹੀਆਂ ਹਨ। ਖੇਤੀਬਾੜੀ ਦੇ ਖੇਤਰ ਵਿੱਚ ਅਗਲੀ ਪੀੜ੍ਹੀ ਦੇ ਪੇਸ਼ੇਵਰਾਂ ਲਈ ਕੁੱਝ ਖ਼ਾਸ ਯੋਗਤਾਵਾਂ ਨੂੰ ਪ੍ਰਾਪਤ ਕਰਨਾ ਅਤੇ ਉਹਨਾਂ ਦਾ ਅਭਿਆਸ ਜਰੂਰੀ ਹੈ ਜੋ ਕਿ ਉਹਨਾਂ ਦੇ ਅਕਾਦਮਿਕ ਅਤੇ ਫੀਲਡ ਅਧਿਐਨਾਂ ਦੌਰਾਨ ਮਹੱਤਵਪੂਰਨ ਹੋਣਗੀਆਂ ਅਤੇ ਭਵਿੱਖ ਦੀਆਂ ਪੇਸ਼ੇਵਰ ਅਹੁਦਿਆਂ ਵਿੱਚ ਆਗਾਮੀ ਗਤੀਵਿਧੀਆਂ ਵਿੱਚ ਵੀ ਮੱਦਦ ਕਰਨਗੀਆਂ। ਇਸਦਾ ਮਤਲਬ ਹੈ ਕਿ ਵਿਦਿਆਰਥੀਆਂ ਨੂੰ ਇਹਨਾਂ ਗਤੀਵਿਧੀਆਂ ਦਾ ਨਿਰੀਖਣ ਅਤੇ ਇਹਨਾਂ ਵਿੱਚ ਭਾਗ ਲੈਣਾ ਪਏਗਾ, ਹਿੱਸੇਦਾਰਾਂ ਨਾਲ ਗੱਲਬਾਤ ਕਰਨੀ ਹੋਵੇਗੀ ਅਤੇ ਭਾਗੀਦਾਰੀ ਅਤੇ ਨਿਰੀਖਣ ਤੋਂ ਪ੍ਰਾਪਤ ਅਨੁਭਵਾਂ ਨੂੰ

ਗਤੀਵਿਧੀਆਂ ਰਾਹੀ ਖੇਤੀ ਅਤੇ ਖਾਧ ਪ੍ਰਣਾਲੀ ਬਾਰੇ ਗਿਆਨ ਪੈਦਾ ਕਰਨ ਲਈ ਵਰਤਣਾ ਹੋਵੇਗਾ।

**ਅਧਿਆਪਨ ਤੋਂ ਲੈ ਕੇ ਸਹੂਲਤ ਤੱਕ:** ਵਰਤਮਾਨ ਸਿੱਖਿਆ ਪ੍ਰਣਾਲੀ ਵਿੱਚ ਅਧਿਆਪਕ ਇੱਕ ਮਾਲਕ ਅਤੇ ਗਿਆਨ ਦੇਣ ਵਾਲਾ ਹੈ ਜੋ ਵਿਦਿਆਰਥੀਆਂ ਦੇ ਖਾਲੀ ਦਿਮਾਗ ਨੂੰ ਭਰਦਾ ਹੈ। ਗਿਆਨ ਦਾ ਪ੍ਰਵਾਹ ਹਮੇਸ਼ਾ ਇੱਕ ਤਰਫ਼ਾ ਭਾਵ ਅਧਿਆਪਕ ਤੋਂ ਵਿਦਿਆਰਥੀਆਂ ਵੱਲ ਹੁੰਦਾ ਹੈ ਅਤੇ ਕਦੇ ਵੀ ਦੂਸਰੇ ਤਰੀਕੇ ਜਾਂ ਸਿੱਖਿਆਰਥੀਆਂ ਵਿਚਕਾਰ ਨਹੀਂ ਹੁੰਦਾ। ਇਸ ਨੂੰ ਸਭ ਤੋਂ ਉਪਯੁਕਤ ਮੰਨਿਆ ਜਾਂਦਾ ਹੈ ਕਿ ਵਿਦਿਆਰਥੀਆਂ ਦੇ ਦਿਮਾਗ ਨੂੰ ਗਿਆਨ ਨਾਲ ਭਰੋ ਅਤੇ ਫਿਰ ਉਹਨਾਂ ਨੂੰ ਇਸ ਅਨਿਸ਼ਚਿਤਤਾ ਕਿ 'ਗਿਆਨ ਵਿਕਸਿਤ ਹੋਵੇਗਾ' ਨਾਲ ਛੱਡ ਦਿਉ। ਅਧਿਆਪਕ ਤੋਂ ਸੁਵਿਧਾ ਪ੍ਰਦਾਤਾ ਦੀ ਭੂਮਿਕਾ ਵਿੱਚ ਬਦਲਣਾ ਹਾਲੇ ਤੱਕ ਸਵੀਕਾਰ ਨਹੀ ਗਿਆ ਹੈ। ਕੋਰਸ ਵਿੱਚ, ਅਧਿਆਪਕਾਂ ਨੂੰ ਸਰਲੀਕਰਨ ਲਈ ਬੇਨਤੀ ਕੀਤੀ ਗਈ ਹਾਲਾਂਕਿ ਇਹ ਕਈ ਮਾਮਲਿਆਂ ਵਿੱਚ ਬਹੁਤ ਮੁਸ਼ਕਿਲ ਸੀ, ਖ਼ਾਸ ਕਰਕੇ ਪ੍ਰੋਫੈਸਰਾਂ ਦੇ ਲਈ। ਸਰਲੀਕਰਨ ਕਰਨਾ ਇੱਕ ਉੱਚ ਪੱਧਰੀ ਕੰਮ ਹੈ ਜਿੱਥੇ ਅਧਿਆਪਕ ਨੇ ਕੰਮ ਨੂੰ ਡਿਜ਼ਾਈਨ ਕਰਨਾ, ਕੰਮ ਸੌਂਪਣਾ, ਉਮੀਦਾਂ ਨਿਰਧਾਰਤ ਕਰਨੀਆਂ, ਪੈੜ ਬਣਾਉਣਾ ਅਤੇ ਮੁਹੱਈਆ ਕਰਵਾਉਣਾ ਅਤੇ ਪ੍ਰਗਤੀ ਦੀ ਸਮੀਖਿਆ ਕਰਨਾ ਆਦਿ ਕੰਮ ਕਰਨੇ ਸਨ। ਇਹ ਬਦਲਾਅ ਆਸਾਨੀ ਨਾਲ ਹੋਵੇ, ਇਸ ਲਈ ਅਸੀਂ ਇਕੱਠੇ ਸਿੱਖਣ, ਵਿਚਾਰ-ਵਟਾਂਦਰੇ, ਸਮੂਹਿਕ ਪ੍ਰੋਜੈਕਟ, ਗਰੁੱਪ ਟਿਊਸ਼ਨ, ਅਨੁਭਵਾਤਮਕ ਸਿੱਖਿਆ, ਸਮੱਸਿਆ ਆਧਾਰਿਤ ਸਿੱਖਿਆ, ਖੇਡਾਂ, ਰਚਨਾਤਮਕ ਸਮੀਕਰਨ ਆਦਿ ਲਈ ਜਗ੍ਹਾ ਬਣਾਈ ਤਾਂਕਿ ਵਿਦਿਆਰਥੀ ਫੈਸੀਲਿਟੇਟਰ ਦੇ ਨਾਂ ਹੋਣ 'ਤੇ ਵੀ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰ ਸਕਣ, ਰਾਏ ਬਣਾ ਸਕਣ ਅਤੇ ਗਿਆਨ ਵਧਾ ਸਕਣ। ਇਸਦੇ ਲਈ ਅਸੀਂ ਇੱਕਤਰਫ਼ਾ ਭਾਸ਼ਣ ਦੀ ਜਗ੍ਹਾ ਅਸੀਂ ਕੇਸ ਸਟੱਡੀਜ਼, ਸਵਾਂਗ, ਪ੍ਰੈਜ਼ੇਟੇਸ਼ਨ, ਪ੍ਰੋਜੈਕਟਾਂ, ਵਾਦ-ਵਿਵਾਦ, ਸੰਵਾਦ ਆਦਿ ਦੀ ਵਰਤੋਂ ਕੀਤੀ। ਇਸਦੇ ਪਿੱਛੇ ਵਿਚਾਰ ਇਹ ਹੈ ਕਿ ਵਿਭਿੰਨ ਸੰਵਾਦਾਤਮਕ ਤਰੀਕਿਆਂ ਰਾਹੀ ਵਿਦਿਆਰਥੀਆਂ ਦੀ ਸੁਤੰਤਰ/ਸਵੈ-ਨਿਰਭਰ ਬਣਨ ਅਤੇ ਜਿੰਦਗੀ ਭਰ ਸਿੱਖਦੇ ਰਹਿਣ ਦੀ ਯੋਗਤਾ ਨੂੰ ਸਹਿਯੋਗ ਦਿੱਤਾ ਜਾ ਸਕੇ।



ਵਿਦਿਆਰਥੀ ਖੇਤ ਵਿੱਚ ਕੰਮ ਕਰਦੇ ਹੋਏ

**ਵਿਵਸਥਿਤ ਸੋਚ ਵੱਲ:** ਅਧਿਆਪਕਾਂ ਨੂੰ ਅਕਸਰ ਉੱਤਰ ਦੇਣ ਦੀ ਇੱਛਾ ਮਹਿਸੂਸ ਹੁੰਦੀ ਹੈ ਬਜਾਏ ਇਸਦੇ ਕਿ ਉਹ ਵਿਦਿਆਰਥੀਆਂ ਨੂੰ ਮੁਸ਼ਕਿਲ ਪ੍ਰਸ਼ਨਾਂ ਉੱਪਰ ਮਗਜ਼ਪੱਚੀ ਕਰਨ ਦੇਣ। ਇਹ ਫਿਰ ਤੋਂ ਉਸੇ ਸਭ ਕੁੱਝ ਜਾਣਨ ਵਾਲੇ ਸਰਲ ਹੱਲ ਵਾਲੀ ਖੇਤੀ ਵੱਲ ਇਸ਼ਾਰਾ ਕਰਦਾ ਹੈ। ਕੋਰਸ ਵਿੱਚ ਅਸੀਂ ਸ਼ੁਰੂ ਵਿੱਚ ਹੀ ਥਿਓਰੀ ਪੜ੍ਹਾਉਣ ਦੀ ਜਗ੍ਹਾ ਚੁਣੌਤੀਆਂ/ ਵਰਤਾਰੇ ਨਾਲ ਸ਼ੁਰੂ ਕੀਤਾ ਅਤੇ ਵਿਦਿਆਰਥੀਆਂ ਨੂੰ ਖ਼ੁਦ ਵਿਭਿੰਨ ਵਿਕਲਪ ਲੱਭਣ ਦਿੱਤੇ।

# ਸਮੱਗਰੀ

**ਮੈਕਰੋ ਮੁੱਦੇ**

❊ ਸਿਸਟਮ ਅਤੇ ਸਿਸਟਮ ਸੋਚ
❊ ਭੋਜਨ ਦਾ ਇਤਿਹਾਸ ਅਤੇ ਰਾਜਨੀਤੀ ਅਤੇ ਫਾਰਮ
❊ ਸਥਿਰਤਾ
❊ ਵਾਤਾਵਰਨ ਅਤੇ ਖੇਤੀਬਾੜੀ ਦੀਆਂ ਬੁਨਿਆਦੀ ਗੱਲਾਂ
❊ ਕਰਾਸ ਕਟਿੰਗ ਦੇ ਮੁੱਦੇ- ਪੋਸ਼ਣ, ਲਿੰਗ
❊ ਵਪਾਰ ਅਤੇ ਬਾਜ਼ਾਰ
❊ ਸਿੱਖਣ ਅਤੇ ਸਰੋਤ ਮੁਲਾਂਕਣ ਲਈ ਸਾਧਨ

**ਫਾਰਮ ਸਿਸਟਮ ਮਾਈਕਰੋ ਵੇਰਵੇ**

- ਕੁਦਰਤੀ ਖੇਤੀ ਦੇ ਸਿਧਾਂਤ
- ਫਾਰਮਾਕਲਚਰ
♦ ਬੀਜ਼
♦ ਐਨ.ਪੀ.ਐੱਮ.
- ਪਸ਼ੂ - ਧਨ ਅਤੇ ਪੋਲਟਰੀ
♦ ਖੇਤੀ ਤਕਨੀਕ
- ਫਾਰਮ ਡਿਜ਼ਾਈਨ
♦ ਸਰਟੀਫਿਕੇਸ਼ਨ
♦ ਵਾਟਰ ਸ਼ੈੱਡ ਸਿਧਾਂਤ

**ਵਿਜ਼ਨ ਬਿਲਡਿੰਗ**

♦ ਮੁੱਲ ਲੜੀ
♦ ਵਿਜ਼ਨ ਬਿਲਡਿੰਗ
♦ ਸਵਦੇਸ਼ੀ ਭੋਜਨ ਪ੍ਰਣਾਲੀਆਂ
♦ ਜਲਵਾਯੂ ਅਤੇ ਡੀਆਰਆਰ ਨੂੰ ਸਮਝਣਾ
♦ ਇੱਕ ਤਬਦੀਲੀ ਨਿਰਮਾਤਾ ਸੰਚਾਰ

ਅਨਿਸ਼ਚਤਤਾ ਅਤੇ ਤੇਜ਼ ਪਰਿਵਰਤਨ ਵਾਲੇ ਯੁੱਗ ਵਿੱਚ ਵਾਤਾਵਰਣ, ਆਰਥਿਕ, ਰਾਜਨੀਤਕ ਅਤੇ ਸਮਾਜਿਕ ਚੁਣੌਤੀਆਂ ਨੂੰ ਸਮਝਣ ਲਈ ਅਨੁਸ਼ਾਸਨ, ਵਿਵਸਥਿਤ ਸੋਚ ਅਤੇ ਸੂਚਿਤ ਕਾਰਵਾਈ ਦੀ ਸੁਵਿਧਾ ਦੀ ਲੋੜ ਹੁੰਦੀ ਹੈ। ਫਿਰ ਵੀ ਸਾਡੀ ਰਸਮੀ ਸਿੱਖਿਆ ਜਾਣਕਾਰੀ ਦੀਆਂ ਚੰਗੀ ਤਰ੍ਹਾ ਪੈਕ ਕੀਤੀਆਂ ਅਨੁਸ਼ਾਸਨੀ ਸੰਸਥਾਵਾਂ ਦੇ ਪ੍ਰਸਾਰਣ ਉੱਪਰ ਆਧਾਰਿਤ ਹਨ ਜੋ ਕਿ ਅਸੱਪਸ਼ਟ ਸੱਚਾਈ ਦਿਖਾਉਂਦਾ ਹੈ। ਕਟੌਤੀਵਾਦ, ਰੇਖਿਕ, ਅਨੁਸ਼ਾਸਨਾਤਮਕ ਸੋਚ ਸਰਲ ਹੱਲਾਂ ਵਿੱਚ ਤਾਂ ਪ੍ਰਭਾਵਸ਼ਾਲੀ ਹੋ ਸਕਦੀ ਹੈ ਪਰ ਖੇਤੀ ਅਤੇ ਖਾਦ ਪ੍ਰਣਾਲੀ ਦੀਆਂ ਸਮੱਸਿਆਵਾਂ ਦਾ ਹੱਲ ਕੱਢਣ ਲਈ ਨਾ ਸਿਰਫ ਨਾਕਾਫ਼ੀ ਬਲਕਿ ਅਣਉਚਿਤ ਵੀ ਵਿਵਸਥਿਤ ਸੋਚ ਇਸ ਕੋਰਸ ਦਾ ਮੁੱਖ ਬਿੰਦੂ ਸੀ ਜਿੱਥੇ ਸਥਿਤੀ ਦੀ ਬਹੁ ਦ੍ਰਿਸ਼ਟੀਕੋਣ ਸਮਝ ਦਾ ਅਭਿਆਸ ਇੱਕ ਅੰਦਰ ਵਾਲੇ ਦੇ ਰੂਪ ਵਿੱਚ ਕੀਤਾ ਗਿਆ ਨਾ ਕਿ ਇੱਕ ਬਾਹਰੀ ਖੋਜਕਰਤਾ ਦੇ ਰੂਪ ਵਿੱਚ। ਵਿਦਿਆਰਥੀਆਂ ਦੀ ਕਿਸੇ ਸਥਿਤੀ ਨੂੰ ਹਿੱਸਿਆਂ ਵਿੱਚ ਸਮਝਣ ਦੀ ਜਗ੍ਹਾ ਸੰਪੂਰਨ ਰੂਪ ਵਿੱਚ ਸਮਝਣ ਦੀ ਸਮਰੱਥਾ ਨੂੰ ਵਿਕਸਿਤ ਕਰਨਾ ਆਸਾਨ ਨਹੀਂ ਸੀ। ਜੇਕਰ ਇਸ ਉੱਪਰ ਕੰਮ ਨਾ ਕੀਤਾ ਜਾਂਦਾ ਤਾਂ ਇਹ ਇਸੇ ਤਰ੍ਹਾ ਹੋਣਾ ਸੀ ਜਿਵੇਂ ਕੁੱਝ ਅੰਨ੍ਹੇ ਵਿਅਕਤੀ ਹਾਥੀ ਦੇ ਵੱਖ-ਵੱਖ ਹਿੱਸਿਆਂ ਨੂੰ ਛੂਹ ਕੇ ਆਪਣੇ ਹਿਸਾਬ ਨਾਲ ਸਮਝਣ ਦੀ ਕੋਸ਼ਿਸ਼ ਕਰ ਰਹੇ ਹੋਣ।

DONATE NOW !

Your support will make a big difference!

Every rupee that you donate will go towards strengthening our mission of promoting agroecology and sustainable agriculture.
Any amount of your support is deeply appreciated.

Scan and Donate Now !

G Pay
accepted here
AME FOUNDATION
+91 96060 84521
9606084521-1@okbizaxis
BHIM UPI




ਵਿਦਿਆਰਥੀ ਕੋਰਸ ਦੇ ਫਾਈਨਲ ਦਿਨ ਆਪਣਾ ਕੰਮ ਪ੍ਰਦਰਸ਼ਿਤ ਕਰਦੇ ਹੋਏ

**ਚੁਣੌਤੀਆਂ:** ਅਜਿਹੀ ਤਬਦੀਲੀ ਲਿਆਉਣਾ ਕਦੇ ਵੀ ਆਸਾਨ ਨਹੀਂ ਹੁੰਦਾ। ਪ੍ਰਕ੍ਰਿਆ ਖੋਜ ਕਰਨ, ਗਲਤੀਆਂ ਕਰਨ, ਖੋਜਾਂ 'ਤੇ ਮੁੜ ਵਿਚਾਰ ਕਰਨ ਅਤੇ ਅਧਿਆਪਕਾਂ ਦੇ ਸਹਿਯੋਗ ਨਾਲ ਨਤੀਜੇ ਉੱਪਰ ਪਹੁੰਚਣ ਲਈ ਸਮਾਂ ਮੰਗਦੀ ਹੈ ਪਰ ਵਿਦਿਆਰਥੀ ਅਕਸਰ ਬੇਸਬਰੇ ਹੋ ਜਾਂਦੇ ਹਨ। ਦੂਸਰੇ ਪਾਸੇ ਇਸ ਪ੍ਰਕ੍ਰਿਆ ਨੂੰ ਆਸਾਨ ਬਣਾਉਣ ਲਈ ਕਲਾਸਰੂਮ ਦੀ ਜਗ੍ਹਾ ਨੂੰ ਮੁੜ ਪਰਿਭਾਸ਼ਿਕ ਕਰਨ ਦੀ ਲੋੜ ਪੈਂਦੀ ਹੈ। ਇੱਕ ਆਮ ਭਾਰਤੀ ਕਲਾਸਰੂਮ ਇਸ ਤਰ੍ਹਾ ਤਿਆਰ ਕੀਤਾ ਜਾਂਦ ਹੈ ਜਿੱਥੇ ਸਾਰੀ ਕਲਾਸ ਅਧਿਆਪਕ ਵੱਲ ਦੇਖਦੀ ਹੈ ਜੋ ਕਿ ਉੱਚੇ ਮੰਚ ਉੱਪਰ ਹੁੰਦਾ ਹੈ ਅਤੇ ਜਿੱਥੇ ਇੱਕ ਦੂਜੇ ਨਾਲ ਸੰਵਾਦ ਦੀ ਸੰਭਾਵਨਾ ਘੱਟ ਹੁੰਦੀ ਹੈ। ਯੂਨੀਵਰਸਿਟੀ ਅੰਦਰ ਦਾਇਰਾ ਸੀਮਤ ਸੀ ਪਰ ਸਿੱਖਣ ਦੇ ਖੇਤਰ ਵਿੱਚ ਵਿਭਿੰਨਤਾ ਲਿਆਉਣਾ ਅਤੇ ਸਿੱਖਿਆ ਨੂੰ ਖੇਤ, ਮੰਡੀ ਅਤੇ ਫੈਕਟਰੀਆਂ ਤੱਕ ਲਿਜਾ ਕੇ ਅਸੀਂ ਇਹਨਾਂ ਸਿੱਖਣ ਦੀਆਂ ਸੀਮਾਵਾਂ ਨੂੰ ਤੋੜ ਸਕਦੇ ਹਾਂ। ਅਜਿਹੀ ਵਿਭਿੰਨਤਾ ਵਿਭਿੰਨ ਪ੍ਰਕਾਰ ਦੇ ਰਿਸੋਰਸ ਵਿਅਕਤੀਆਂ ਨੂੰ ਇੱਕ ਦੂਜੇ ਨਾਲ ਜੋੜ ਕੇ ਫੈਸੀਲਿਟੇਸ਼ਨ ਕੌਸ਼ਲ ਦੇ ਬਰਾਬਰ ਪੱਧਰ 'ਤੇ ਲਿਆਉਣ ਲਈ ਨਵੀਂ ਚੁਣੌਤੀ ਪੇਸ਼ ਕਰਦੀ ਹੈ।

ਪਿਛਲੇ ਦੋ ਸਾਲਾਂ ਵਿੱਚ ਕੋਰੋਨਾ ਨੇ ਕਈ ਚੁਣੌਤੀਆਂ ਪੇਸ਼ ਕੀਤੀਆਂ ਹਨ - ਇੱਕ ਪਾਸੇ ਜਿੱਥੇ ਅਸੀਂ ਇਹਨਾਂ ਅਨੁਸਾਰ ਢਲਣ ਦੀ ਕੋਸ਼ਿਸ਼ ਕਰ ਰਹੇ ਹਾਂ ਉੱਥੇ ਹੀ ਅਸੀਂ ਇਹ ਮਹਿਸੂਸ ਕੀਤਾ ਕਿ ਇਸਨੇ ਆਨਲਾਈਨ ਰਾਹੀ ਵਿਭਿੰਨ ਦੇਸ਼ਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜੁੜਨ ਦਾ ਮੌਕਾ ਦਿੱਤਾ। ਇਹਨਾਂ ਸਭ ਚੁਣੌਤੀਆਂ ਦੇ ਬਾਵਜੂਦ ਅਸੀਂ ਬਹੁਤ ਆਨੰਦ ਮਾਣਿਆ। ਅਸੀਂ ਹੁਣ ਖੇਤੀ ਪਰਿਸਥਿਤਕੀ ਦਾ ਅਭਿਆਸ ਕਰਨ ਵਾਲਿਆਂ ਦੇ ਇੱਕ ਵੱਡੇ ਨੈੱਟਵਰਕ ਦਾ ਹਿੱਸਾ ਹਾਂ ਜੋ ਕਿ 5 ਦੇਸ਼ਾਂ ਵਿੱਚ ਫੈਲਿਆ ਹੋਇਆ ਹੈ।

***ਅੰਸ਼ੂਮਨ ਦਾਸ*** ਪਿਛਲੇ ਦੋ ਦਹਾਕਿਆਂ ਤੋਂ ਛੋਟੇ ਕਿਸਾਨਾਂ ਨਾਲ ਕੰਮ ਕਰ ਰਹੇ ਹਨ ਅਤੇ ਵਰਤਮਾਨ ਵਿੱਚ ਵੈਲਟਹੰਗਰਲਾਈਫ ਨਾਲ ਜੁੜੇ ਹਨ। ਉਹ ਖੇਤੀ ਅਤੇ ਖੇਤ ਪ੍ਰਣਾਲੀ ਵਿੱਚ ਭਵਿੱਖ ਦੇ ਪੇਸ਼ੇਵਰਾਂ ਲਈ ਸਿੱਖਿਆ ਸ਼ਾਸਤਰ ਵਿਕਸਿਤ ਕਰਨ ਵਾਲੇ ਗਲੋਬਲ ਰਿਸਰਚ ਕੰਸੋਰਟੀਅਮ ਦਾ ਹਿੱਸਾ ਸਨ। ਇਸ ਬਾਰੇ ਹੋਰ ਜਾਣਨ ਲਈ ਇਸ ਲਿੰਕ ਤੇ ਜਾਓ https:www.nextfoodproject.eu/

# ਖੇਤੀ ਪਰਿਸਥਿਤਕੀ ਨੂੰ ਪ੍ਰੋਤਸਾਹਿਤ ਕਿਵੇਂ ਕਰੀਏ

**ਜੀ ਚੰਦਰ ਸ਼ੇਖਰ, ਜੀ ਰਾਜਸ਼ੇਖਰ ਅਤੇ ਜੀ ਵੀ ਰਾਮਾਂਜਿਯਾਂਲੂ**



ਸਥਾਨਕ ਵਾਤਾਵਰਣ ਨੂੰ ਸਮਝਣਾ ਸਿੱਖਅਕ ਲਈ ਬਹੁਤ ਹੀ ਮਹੱਤਵਪੂਰਣ ਹੈ।

**ਖੇਤੀ ਪਰਿਸਥਿਤਕੀ ਦ੍ਰਿਸ਼ਟੀਕੋਣ ਬਹੁਤ ਹੀ ਸਥਾਨ ਵਿਸ਼ੇਸ਼ ਹਨ ਕਿਉਂਕਿ ਇਹ ਭੋਜਨ ਦੀਆਂ ਲੋੜਾਂ, ਆਜੀਵਿਕਾ, ਸਥਾਨਕ ਸੱਭਿਆਚਾਰ, ਵਾਤਾਵਰਣ ਅਤੇ ਅਰਥਵਿਵਸਥਾ ਨੂੰ ਆਪਸ ਵਿੱਚ ਜੋੜਦੇ ਹਨ। ਖੇਤੀ ਪਰਿਸਥਿਤਕੀ ਦੀ ਸਿੱਖਿਆ ਇੱਕ ਸੰਪੂਰਨ ਦ੍ਰਿਸ਼ਟੀਕੋਣ ਹੈ ਜੋ ਇਹਨਾਂ ਕੜੀਆਂ ਨੂੰ ਜੋੜਦੀ ਹੈ ਜਿੱਥੇ ਇਸ ਸਾਰੀ ਪ੍ਰਕ੍ਰਿਆ ਦਾ ਕੇਂਦਰ ਬਿੰਦੂ ਇੱਕ ਕਿਸਾਨ ਹੈ।**

ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੇ ਵਾਤਾਵਰਣ ਅਤੇ ਲੋਕਾਂ ਦੀ ਸਿਹਤ ਉੱਪਰ ਪੈਣ ਵਾਲੇ ਬੁਰੇ ਪ੍ਰਭਾਵਾਂ ਬਾਰੇ ਸਮਝ ਤੋਂ ਬਾਅਦ ਹੁਣ ਗੈਰ ਸਰਕਾਰੀ ਸੰਸਥਾਵਾਂ ਅਤੇ ਸਮੁਦਾਇ ਆਧਾਰਿਤ ਸੰਸਥਾਵਾਂ ਕਈ ਸਾਲਾਂ ਤੋਂ ਖੇਤੀ ਵਿੱਚ ਰਸਾਇਣ ਮੁਕਤ ਤਰੀਕਿਆਂ ਦਾ ਪ੍ਰਚਾਰ ਕਰ ਰਹੀਆਂ ਹਨ। ਇਹ ਕਈ ਨਾਵਾਂ ਅਧੀਨ ਪ੍ਰੋਤਸ਼ਾਹਿਤ ਕੀਤੇ ਜਾ ਰਹੇ ਹਨ ਜਿਵੇਂ ਟਿਕਾਊ ਖੇਤੀ, ਜੈਵਿਕ ਖੇਤੀ, ਬਾਇਓ ਡਾਇਨਾਮਿਕ ਖੇਤੀ, ਕੁਦਰਤੀ ਖੇਤੀ, ਪੁਨਰਜਨਕ ਖੇਤੀ, ਖੇਤੀ ਪਰਿਸਥਿਤਕੀ ਦ੍ਰਿਸ਼ਟੀਕੋਣ, ਘੱਟ ਬਾਹਰੀ ਇਨਪੁਟ ਟਿਕਾਊ ਖੇਤੀ (LEISA) ਗਊ ਆਧਾਰਿਤ ਖੇਤੀ ਆਦਿ। ਜਲਵਾਯੂ ਪਰਿਵਰਤਨ ਕਨਵੈਨਸ਼ਨ ਉੱਪਰ ਸੰਯੁਕਤ ਰਾਸ਼ਟਰ ਫਰੇਮਵਰਕ ਨੂੰ ਦਿੱਤੀ ਗਈ ਭਾਰਤ ਦੀ ਤੀਜੀ ਦੋ- ਸਾਲਾਂ ਰਿਪੋਰਟ ਵਿੱਚ ਗ੍ਰੀਨ ਹਾਊਸ ਗੈਸਾਂ ਦੇ ਵਧਣ ਵਿੱਚ ਖੇਤੀਬਾੜੀ ਦਾ ਵੱਡਾ ਯੋਗਦਾਨ ਦੱਸਿਆ ਗਿਆ ਹੈ। ਇਸਲਈ ਭਾਰਤ ਸਰਕਾਰ ਵੀ ਸਾਰੇ ਦੇਸ਼ ਵਿੱਚ ਕੁਦਰਤੀ ਖੇਤੀ ਦੇ ਨਾਮ ਉੱਪਰ ਖੇਤੀ ਪਰਿਸਥਿਤਕੀ ਦ੍ਰਿਸ਼ਟਕੋਣ ਨੂੰ ਵਧਾਵਾ ਦੇ ਰਹੀ ਹੈ। ਆਧੁਨਿਕ ਖੇਤੀ, ਖੇਤੀ ਪਰਿਸਥਿਤਕੀ ਦੀ ਤੁਲਨਾ ਵਿੱਚ ਭੂਗੌਲਿਕ ਰੂਪ ਵਿੱਚ ਜ਼ਿਆਦਾ ਸੁਤੰਤਰ ਹੈ। ਇਸਦੇ ਨਾਲ ਹੀ ਆਧੁਨਿਕ ਖੇਤੀ ਨੇ ਕਿਸਾਨਾਂ ਨੂੰ ਤਕਨੀਕ ਦਾ ਉਪਭੋਗਤਾ ਮਾਤਰ ਬਣਾ ਛੱਡਿਆ ਹੈ। ਇਸ ਨਾਲ, ਕਿਸਾਨ ਜਾਂ ਤਾਂ ਹੁਨਰ ਸਿੱਖ ਹੀ ਨਹੀਂ ਰਹੇ ਜਾਂ ਫਿਰ ਓਹਨਾਂ ਦਾ ਰਵਾਇਤੀ ਹੁਨਰ ਵੀ ਗਵਾਚ ਰਿਹਾ ਹੈ

ਜਿਵੇਂ – ਆਪਣੀ ਜ਼ਮੀਨ ਲਈ ਢੁੱਕਵੇਂ ਬੀਜਾਂ ਦੀ ਚੋਣ, ਮਿੱਟੀ ਅਨੁਸਾਰ ਬੀਜਾਂ ਦੀ ਚੋਣ, ਮੌਸਮ ਦਾ ਅਨੁਮਾਨ ਲਗਾਉਣਾ ਅਤੇ ਗਤੀਵਿਧੀਆਂ ਦੀ ਯੋਜਨਾ ਬਣਾਉਣੀ, ਫਸਲਾਂ ਵਿੱਚੋਂ ਵਧੀਆ ਬੀਜ ਕਿਸਮਾਂ ਦੀ ਚੋਣ ਕਰਨਾ ਆਦਿ।

ਖੇਤੀ ਪਰਿਸਥਿਤਕੀ ਦ੍ਰਿਸ਼ਟੀਕੋਣ ਵਿੱਚ ਸਾਨੂੰ ਖੇਤੀ ਦਾ ਈਕੋਸਿਸਟਮ ਸਮਝਣ ਦੀ ਲੋੜ ਹੈ। ਈਕੋਸਿਸਟਮ ਸਿਰਫ ਬਾਇਓਟਿਕ ਅਤੇ ਅਬਾਇਓਟਿਕ ਵਾਤਾਵਰਣ ਬਾਰੇ ਹੀ ਨਹੀਂ ਹੁੰਦਾ ਬਲਕਿ ਆਰਥਿਕ ਅਤੇ ਸਮਾਜਿਕ-ਰਾਜਨੀਤਕ ਵਾਤਾਵਰਣ ਬਾਰੇ ਵੀ ਹੁੰਦਾ ਹੈ। ਜੋ ਵੀ ਈਕੋਸਿਸਟਮ ਕਿਸਾਨ ਅਤੇ ਕਿਸਾਨੀ ਨੂੰ ਪ੍ਰਭਾਵਿਤ ਕਰਦੇ ਹਨ, ਉਹਨਾਂ ਉੱਪਰ ਵਿਚਾਰ ਕਰਨ ਦੀ ਲੋੜ ਹੈ। ਖੇਤ ਦਾ ਈਕੋਸਿਸਟਮ ਕਿਸਾਨ ਦੇ ਈਕੋਸਿਸਟਮ ਤੋਂ ਅਲੱਗ ਹੈ।

ਸਿਖਾਉਣ ਵਾਲਿਆਂ ਲਈ ਇਸ ਗੱਲ ਨੂੰ ਸਮਝਣਾ ਬਹੁਤ ਜਰੂਰੀ ਹੈ।

ਖੇਤੀ ਇਸ ਬਾਰੇ ਨਹੀ ਹੈ ਕਿ ਭੋਜਨ ਉਗਾਉਣ ਲਈ ਸਰੋਤਾਂ ਦੀ ਕਿੰਨੀ ਕੁਸ਼ਲਤਾ ਨਾਲ ਵਰਤੋਂ ਕੀਤੀ ਜਾਂਦੀ ਹੈ।ਖੇਤੀ ਉਹ ਹੈ ਜੋ ਕਿਸਾਨ ਦਿੱਤੀ ਹੋਈ ਖੇਤੀ ਪਰਿਸਥਿਤਕੀ ਸਥਿਤੀ ਵਿੱਚ ਉਸ ਕੋਲ ਉਪਲਬਧ ਸਰੋਤਾਂ ਨਾਲ ਕਰਦਾ ਹੈ। ਇਹ ਆਜੀਵਿਕਾ ਦਾ ਇੱਕ ਵਿਕਲਪ ਹੈ ਜੋ ਕਿ ਸਥਾਨਕ ਸੱਭਿਆਚਾਰ, ਸਥਾਨਕ , ਸਥਿਤੀਆਂ ਅਤੇ ਸਥਾਨਕ ਵਾਤਾਵਰਣ ਨਾਲ ਜੁੜਿਆ ਹੋਇਆ ਹੈ। ਇਸ ਲਈ ਖੇਤੀ ਪਰਿਸਥਿਤਕੀ ਸਿੱਖਿਆ ਨੂੰ ਅਜਿਹਾ ਹੋਣਾ ਚਾਹੀਦਾ ਹੈ ਜੋ ਕਿਸਾਨਾਂ ਨੂੰ ਅਜਿਹੇ ਤਰਕਸੰਗਤ ਫੈਸਲੇ ਲੈਣ ਦੇ ਸਮਰੱਥ ਬਣਾਵੇ ਜੋ ਨਾ ਸਿਰਫ ਭੋਜਨ ਉਤਪਾਦਨ ਕਰੇ ਸਗੋਂ ਆਪਣੇ ਸਾਥੀ ਮਨੁੱਖਾਂ ਦੀ ਅਤੇ ਵਾਤਾਵਰਣ ਦੀ ਸਿਹਤ ਦੀ ਰੱਖਿਆ ਕਰੇ। ਸਿੱਖਿਆ ਜੋ ਭੋਜਨ ਦੀਆਂ ਲੋੜਾਂ, ਆਜੀਵਿਕਾ, ਸੱਭਿਆਚਾਰ, ਵਾਤਾਵਰਣ ਅਤੇ ਆਰਥਿਕਤਾ ਨੂੰ ਜੋੜੇ, ਅੱਜ ਦੀ ਲੋੜ ਹੈ।

## ਖੇਤੀ ਸਿੱਖਿਆ ਲਈ ਦ੍ਰਿਸ਼ਟੀਕੋਣ:-

**ਕਿਸੇ ਵੀ ਨਵੀਂ ਤਕਨੀਕ ਜਾਂ ਪ੍ਰਕ੍ਰਿਆ ਨੂੰ ਅਪਣਾਉਣ ਲਈ ਤਿੰਨ ਮੁੱਖ ਪਹਿਲੂ ਜਰੂਰੀ ਹੁੰਦੇ ਹਨ:-**

- ਸਮੱਗਰੀ ਅਤੇ ਠੋਸ ਸਰੋਤ (ਹਾਰਡਵੇਅਰ) ਦੀ ਲੋੜ
- ਤਕਨੀਕ ਨੂੰ ਕਿਵੇਂ ਵਰਤਿਆ ਜਾਵੇ ਇਸਦੀ ਜਾਣਕਾਰੀ ਅਤੇ ਸਿਖਲਾਈ ਅਤੇ ਇਸ ਸਮਝ ਦੀ ਲੋੜ ਹੈ

ਕਿਉਕਿ ਇਸ ਤਰ੍ਹਾ ਦੀ ਤਕਨੀਕ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਅਤੇ ਇਸਦੇ ਨਾਲ ਸੰਬੰਧਿਤ ਨਤੀਜੇ ਕੀ ਹੋਣਗੇ। ਹਾਲਾਂਕਿ ਸਿਧਾਂਤ ਹਰ ਜਗ੍ਹਾ ਸਮਾਨ ਹੀ ਰਹਿਣਗੇ ਪਰ ਖੇਤੀ ਈਕੋਸਿਸਟਮ ਜਾਂ ਭੂਗੋਲ ਵਿੱਚ ਬਦਲਾਅ ਕਰਕੇ ਤਕਨੀਕ (ਇਸਤੇਮਾਲ ਕੀਤੀ ਸਮੱਗਰੀ) ਵੱਖ ਹੋ ਸਕਦੀ ਹੈ ਅਤੇ ਇਸਦੇ ਨਾਲ ਹੀ ਕਾਰਜਪ੍ਰਣਾਲੀ ਨੂੰ ਸਥਾਨਕ ਸਥਿਤੀਆਂ ਦੇ ਅਨੁਸਾਰ ਹੀ ਅਪਣਾਇਆ ਜਾਵੇਗਾ। ਉਦਾਹਰਨ ਲਈ, ਘੱਟ ਪੜ੍ਹੇ ਲਿਖੇ ਕਿਸਾਨਾਂ ਲਈ ਸਿਖਲਾਈ ਸਮੱਗਰੀ ਅਤੇ ਤਰੀਕੇ ਉੱਚ ਸਿੱਖਿਆ ਪ੍ਰਾਪਤ ਕਿਸਾਨਾਂ ਦੇ ਮੁਕਾਬਲੇ ਭਿੰਨ ਹੋਣਗੇ। ਜੋ ਕਾਲੀ ਮਿੱਟੀ ਵਿੱਚ ਕੰਮ ਕਰੇ, ਹੋ ਸਕਦਾ ਹੈ ਉਹ ਲਾਲ ਰੇਤੀਲੀ ਮਿੱਟੀ ਵਿੱਚ ਕੰਮ ਨਾ ਕਰੇ, ਮੈਦਾਨਾਂ ਦਾ ਈਕੋਸਿਸਟਮ ਪਹਾੜਾਂ ਦੇ ਮੁਕਾਬਲੇ ਅਲੱਗ ਹੁੰਦਾ ਹੈ। ਬੜੇ ਲੰਬੇ ਸਮੇਂ ਤੋਂ ਸਰਕਾਰ ਹੀ ਆਪਣੇ ਖੇਤੀ ਵਿਸਥਾਰ ਤੰਤਰ ਰਾਹੀ ਕਿਸਾਨਾਂ ਤੱਕ ਜਾਣਕਾਰੀ ਪਹੁੰਚਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਰਹੀ ਹੈ। ਹਾਲਾਂਕਿ ਸਰਕਾਰ ਦੇ ਮੌਜੂਦਾ ਤੰਤਰ ਨਾਲ ਹਰੇਕ ਕਿਸਾਨ ਤੱਕ ਪਹੁੰਚਣਾ ਮੁਸ਼ਕਿਲ ਹੈ, ਇਸ ਲਈ ਇਸ ਵਿੱਚ ਕਿਸਾਨਾਂ ਤੱਕ ਪਹੁੰਚਣ ਲਈ ਹੋਰ ਵੀ ਕਈ ਖਿਡਾਰੀ ਜਿਵੇਂ ਕਰੇ, ਮੈਦਾਨਾਂ ਦਾ ਈਕੋਸਿਸਟਮ ਪਹਾੜਾਂ ਦੇ ਮੁਕਾਬਲੇ ਅਲੱਗ ਹੁੰਦਾ ਹੈ।

ਬੜੇ ਲੰਬੇ ਸਮੇਂ ਤੋਂ ਸਰਕਾਰ ਹੀ ਆਪਣੇ ਖੇਤੀ ਵਿਸਥਾਰ ਤੰਤਰ ਰਾਹੀ ਕਿਸਾਨਾਂ ਤੱਕ ਜਾਣਕਾਰੀ ਪਹੁੰਚਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਰਹੀ ਹੈ। ਹਾਲਾਂਕਿ ਸਰਕਾਰ ਦੇ ਮੌਜੂਦਾ ਤੰਤਰ ਨਾਲ ਹਰੇਕ ਕਿਸਾਨ ਤੱਕ ਪਹੁੰਚਣਾ ਮੁਸ਼ਕਿਲ ਹੈ, ਇਸ ਲਈ ਇਸ ਵਿੱਚ ਕਿਸਾਨਾਂ



ਖੇਤੀ ਪਰਿਸਥਿਤਕੀ ਸਿੱਖਿਆ ਵਿੱਚ ਖੇਤ ਉੱਪਰ ਸਿਖਲਾਈ ਇਸਦਾ ਕੇਂਦਰ ਹੈ।

ਤੱਕ ਪਹੁੰਚਣ ਲਈ ਹੋਰ ਵੀ ਕਈ ਖਿਡਾਰੀ ਜਿਵੇਂ ਗੈਰ ਸਰਕਾਰੀ ਸੰਸਥਾਵਾਂ, ਨਿੱਜੀ ਕੰਪਨੀਆਂ, ਵਿੱਤੀ ਸੰਸਥਾਵਾਂ ਵੀ ਜੁਟ ਗਈਆਂ ਹਨ।

ਗੈਰ ਸਰਕਾਰੀ ਸੰਸਥਾਵਾਂ ਦੇ ਇਸ ਖੇਤਰ ਵਿੱਚ ਆਉਣ ਕਰਕੇ ਅਨੁਭਵ ਆਧਾਰਿਤ ਸਿਖਲਾਈ ਧਿਆਨ ਦਾ ਕੇਂਦਰ ਬਣ ਗਈ। ਕਿਸਾਨਾਂ ਨੂੰ ਕਿਸਾਨ ਖੇਤ ਸਕੂਲ ਰਾਹੀ ਸਿਖਲਾਈ ਦਿੱਤੀ ਜਾਣ ਲੱਗੀ ਤਾਂਕਿ ਉਹ ਖੋਜ ਸਿਖਲਾਈ ਦੀ ਪ੍ਰਕ੍ਰਿਆ ਦਾ ਅਨੁਭਵ ਲੈ ਸਕਣ। ਇਸ ਵਿਧੀ ਵਿੱਚ ਚੁਣੇ ਹੋਏ ਕਿਸਾਨਾਂ ਦਾ ਸਮੂਹ ਸਮੇਂ-ਸਮੇਂ ਸਿਰ ਮਿਲਦਾ ਹੈ ਅਤੇ ਚੁਣੇ ਹੋਏ ਨਿਰਧਾਰਤ ਪਲਾਟ ਵਿੱਚ ਸੀਜ਼ਨ ਦੌਰਾਨ ਫਸਲ ਦਾ ਨਿਰੀਖਣ ਕਰਦਾ ਹੈ ਅਤੇ ਫਸਲ ਨੂੰ ਸਮਝਦਾ ਹੈ। ਮੌਸਮ ਅਨੁਸਾਰ ਕੀਟਾਂ ਦੀ ਗਤੀਸ਼ੀਲਤਾ, ਕੀਟਾਂ ਦਾ ਜੀਵਨ ਚੱਕਰ, ਕੀਟਾਂ ਅਤੇ ਸ਼ਿਕਾਰੀ ਕੀਟਾਂ ਦਾ ਰਿਸ਼ਤਾ, ਕੀਟਾਂ ਦੁਆਰਾ ਕੀਤੇ ਨੁਕਸਾਨ ਦਾ ਨਿਰੀਖਣ, ਅਪਨਾਏ ਗਏ ਹੱਲਾਂ ਦੀ ਪ੍ਰਭਾਵਸ਼ੀਲਤਾ ਆਦਿ ਇਹਨਾਂ ਸਕੂਲਾਂ ਵਿੱਚ ਸਿੱਖੀ ਜਾਂਦੀ ਹੈ। ਇਹ ਸਿਖਲਾਈ ਬੜੀ ਹੀ ਪ੍ਰਭਾਵਸ਼ਾਲੀ ਅਤੇ ਸਮਰੱਥ ਬਣਾਉਣ ਵਾਲੀ ਹੈ ਪਰ ਇਸ ਵਿੱਚ ਕਾਫ਼ੀ ਸਰੋਤਾਂ ਦੀ ਲੋੜ ਪੈਂਦੀ ਹੈ। ਇਹ ਤਰੀਕਾ ਕਮਿਊਨਿਟੀ ਰਿਸੋਰਸ ਵਿਅਕਤੀਆਂ ਨੂੰ ਵਿਕਸਿਤ ਕਰਨ ਲਈ ਵਰਤਿਆ ਜਾ ਸਕਦਾ ਹੈ।

ਸਿਖਲਾਈ ਅਤੇ ਪ੍ਰਦਰਸ਼ਨ ਪ੍ਰਕ੍ਰਿਆ ਨੂੰ ਸਮਝਣ, ਲੋੜੀਂਦੀ ਸਮੱਗਰੀ ਅਤੇ ਉਸਦੇ ਇਸਤੇਮਾਲ ਬਾਰੇ ਕਿਸਾਨਾਂ ਦੀ ਮੱਦਦ ਕਰਨ ਦਾ ਇੱਕ ਹੋਰ ਤਰੀਕਾ ਹੈ। ਬਹੁਤ ਸਾਰੀਆਂ ਸੰਸਥਾਵਾਂ ਕਿਸਾਨਾਂ ਨੂੰ ਸਿਖਲਾਈ ਪ੍ਰਕ੍ਰਿਆ ਰਾਹੀ ਸਿੱਖਿਆ ਦਿੰਦੀਆਂ ਹਨ। ਸਿੱਖਿਆ ਸ਼ਾਸਤਰ ਵਿੱਚ, ਸਿੱਖਿਆ ਦੀ ਸ਼ੁਰੂਆਤ ਉਸੇ ਤੋਂ ਹੋਣੀ ਚਾਹੀਦੀ ਹੈ ਜੋ ਕਿਸਾਨ ਨੂੰ ਪਤਾ ਹੋਵੇ ਅਤੇ ਉਸੇ ਉੱਪਰ ਅੱਗੇ ਦੀ ਸਿਖਲਾਈ ਹੋਣੀ ਚਾਹੀਦੀ ਹੈ। ਕਿਸਾਨਾਂ ਨੂੰ ਸਿਖਲਾਈ ਦੇਣ ਵਿੱਚ, ਸਥਾਨਕ ਭਾਸ਼ਾ ਅਤੇ ਪਰਿਭਾਸ਼ਾਵਾਂ ਬਹੁਤ ਮਹੱਤਵਪੂਰਨ ਬਣ ਜਾਂਦੀਆਂ ਹਨ। ਕਿਸਾਨਾਂ ਦੇ ਅਨੁਭਵ, ਸਥਾਨਕ ਸਰੋਤਾਂ ਬਾਰੇ ਜਾਣਕਾਰੀ ਅਤੇ ਉਹਨਾਂ ਦਾ ਇਸਤੇਮਾਲ ਖੇਤੀਬਾੜੀ ਵਿੱਚ ਖੇਤੀ ਪਰਿਸਥਿਤਕੀ ਦ੍ਰਿਸ਼ਟੀਕੋਣ ਦੀ ਕੁੰਜੀ ਹਨ। ਕਿਸਾਨ ਸਾਰਾ ਦਿਨ ਕਲਾਸ ਰੂਮ ਵਿੱਚ ਬੈਠ ਕੇ ਲੈਕਚਰ ਸੁਣਨ ਦੇ ਆਦੀ ਨਹੀਂ ਹਨ। ਆਡੀਓ-ਵਿਜ਼ੂਅਲ ਰਾਹੀ ਉਹਨਾਂ ਨੂੰ ਕ੍ਰਿਆਸ਼ੀਲ ਰੱਖਣਾ ਅਤੇ ਗਤੀਵਿਧੀਆਂ ਕਰਨਾ ਮਹੱਤਵਪੂਰਨ ਹੈ।

## ਸੀ ਐਸ ਏ-ਖੇਤੀ ਪਰਿਸਥਿਤਕੀ ਸਿੱਖਿਆ ਵਿੱਚ ਭੂਮਿਕਾ

ਸੈਂਟਰ ਫਾਰ ਸਸਟੇਨੇਬਲ ਐਗ੍ਰੀਕਲਚਰ (ਸੀ ਐਸ ਏ) ਇੱਕ ਗੈਰ ਸਰਕਾਰੀ ਸੰਸਥਾ ਹੈ ਜੋ ਕਿ ਟਿਕਾਊ ਖੇਤੀ ਦੇ ਪ੍ਰਚਾਰ-ਪ੍ਰਸਾਰ ਵਿੱਚ ਲੱਗੀ ਹੋਈ ਹੈ ਅਤੇ ਆਪਣਾ ਪ੍ਰਭਾਵ ਛੱਡ ਰਹੀ ਹੈ। ਇਹ ਸਰਕਾਰ, ਗੈਰ ਸਰਕਾਰੀ ਸੰਸਥਾਵਾਂ, ਸਮੁਦਾਇ ਆਧਾਰਿਤ ਸੰਸਥਾਵਾਂ ਅਤੇ ਕਿਸਾਨ ਸੰਸਥਾਵਾਂ (ਕਿਸਾਨ ਉਤਪਾਦਕ ਸੰਸਥਾਵਾਂ ਆਦਿ ) ਨਾਲ ਮਿਲ ਕੇ ਵਿਗਿਆਨ ਆਧਾਰਿਤ ਮਾਡਲ ਵਿਕਸਿਤ ਕਰਨ ਅਤੇ ਉਹਨਾਂ ਕਾਮਯਾਬ ਮਾਡਲਾਂ ਨੂੰ ਹੋਰ ਅੱਗੇ ਵਿਸਤਾਰ ਦੇਣ ਲਈ ਕੰਮ ਕਰ ਰਹੀ ਹੈ। ਸੀ ਐਸ ਏ ਦੇ ਮੁੱਖ ਯੋਗਦਾਨ ਹਨ -



ਸਭ ਹਿੱਸੇਦਾਰਾਂ ਦੀ ਸ਼ਮੂਲੀਅਤ ਗਿਆਨ ਦੇ ਆਦਾਨ-ਪ੍ਰਦਾਨ ਨੂੰ ਸਮਰੱਥ ਬਣਾਉਂਦੀ ਹੈ।

ਕੀਟਨਾਸ਼ਕ ਰਹਿਤ ਪ੍ਰਬੰਧਨ, ਜੈਵਿਕ/ਕੁਦਰਤੀ ਖੇਤੀ, ਖੁੱਲੇ ਸਰੋਤ ਬੀਜ ਵਿਵਸਥਾ, ਕਿਸਾਨ ਉਤਪਾਦਕ ਸੰਸਥਾਵਾਂ ਅਤੇ ਜਨਤਕ ਨੀਤੀ ਦੇ ਮੁੱਦੇ।

90 ਦੇ ਦਹਾਕੇ ਦੇ ਅਖੀਰ ਅਤੇ 2000 ਦੇ ਸ਼ੁਰੂ ਵਿੱਚ, ਕੀਟਨਾਸ਼ਕ ਮੁੱਖ ਮੁੱਦਾ ਸਨ। ਸੀਐਸਏ ਨੇ ਕਿਸਾਨਾਂ ਨੂੰ ਅਤੇ ਕਿਸਾਨਾਂ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਕੀਟਨਾਸ਼ਕ ਰਹਿਤ ਪ੍ਰਬੰਧਨ ਬਾਰੇ ਸਿਖਲਾਈ ਦੇ ਕੇ ਕੀਟਾਂ ਦੀ ਸਮੱਸਿਆ ਦਾ ਹੱਲ ਕੀਤਾ। ਕੀਟਨਾਸ਼ਕ ਰਹਿਤ ਪ੍ਰਬੰਧਨ ਅਜਿਹਾ ਪ੍ਰਬੰਧਨ ਹੈ ਜਿਸ ਵਿੱਚ ਬਿਨਾਂ ਕਿਸੇ ਰਸਾਇਣਿਕ ਕੀਟਨਾਸ਼ਕ ਦੀ ਵਰਤੋਂ ਕੀਤਿਆਂ ਵੱਖ-ਵੱਖ ਤਰੀਕਿਆਂ ਨਾਲ ਕੀਟ ਪ੍ਰਬੰਧਨ ਕੀਤਾ ਜਾਂਦਾ ਹੈ। ਕਿਸਾਨਾਂ ਨੂੰ ਕੀਟਾਂ ਦੇ ਜੀਵਨ ਚੱਕਰ, ਫਸਲ ਨੂੰ ਨੁਕਸਾਨ ਪਹੁੰਚਾਉਣ ਵਾਲੇ ਅਤੇ ਇਹਨਾਂ ਕੀਟਾਂ ਦਾ ਸ਼ਿਕਾਰ ਕਰਨ ਵਾਲੇ ਕੀਟਾਂ ਵਿਚਕਾਰ ਅੰਤਰ ਅਤੇ ਕੀਟਾਂ ਦੇ ਹਮਲੇ ਨੂੰ ਰੋਕਣ ਲਈ ਚੁੱਕੇ ਜਾਣ ਵਾਲੇ ਕਦਮ ਜਿਵੇਂ ਟ੍ਰੈਪ ਫਸਲਾਂ, ਫਸਲ ਪ੍ਰਣਾਲੀ ਵਿੱਚ ਬਾਰਡਰ ਫਸਲਾਂ ਨੂੰ ਸ਼ਾਮਿਲ ਕਰਨਾ, ਫੈਰੋਮੋਨ ਟ੍ਰੈਪ ਲਗਾਉਣਾ ਅਤੇ ਸਥਾਨਕ ਪੱਧਰ 'ਤੇ ਉਪਲਬਧ ਸਰੋਤਾਂ ਜਿਵੇਂ ਪੌਦਿਆਂ, ਜਾਨਵਰਾਂ ਆਦਿ ਨਾਲ ਜੈਵਿਕ ਕੀਟਨਾਸ਼ਕ ਅਤੇ ਖਾਦਾਂ ਤਿਆਰ ਕਰਨਾ ਆਦਿ ਦੀ ਸਿਖਲਾਈ ਦਿੱਤੀ ਗਈ। ਜਦ ਕਿਸਾਨਾਂ ਨੂੰ ਇਹਨਾਂ ਸਭ ਪ੍ਰਕ੍ਰਿਆ ਦੇ ਪਿੱਛੇ ਦੇ ਸਿਧਾਂਤ ਸਮਝ ਆ ਗਏ, ਤਾਂ ਉਹਨਾਂ ਨੇ ਆਪਣੇ ਪ੍ਰੰਪਰਿਕ ਗਿਆਨ ਦੇ ਆਧਾਰ 'ਤੇ ਹੋਰ ਪੌਦਿਆਂ ਨਾਲ ਤਜ਼ਰਬੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਇਸ ਵਿੱਚ ਸੀਐਸਏ ਨੇ ਆਧੁਨਿਕ ਵਿਗਿਆਨਕ ਗਿਆਨ ਨੂੰ ਵੀ ਜੋੜ ਦਿੱਤਾ। ਹਾਲਾਂਕਿ ਸੀਐਸਏ ਨੇ ਸਿਰਫ ਕੀਟਨਾਸ਼ਕ ਰਹਿਤ ਪ੍ਰਬੰਧਨ ਉੱਪਰ ਹੀ ਕੰਮ ਸ਼ੁਰੂ ਕੀਤਾ ਸੀ ਪਰ ਇਸਨੇ ਇੱਕ ਸੰਪੂਰਨ ਸਮਝ ਨਾਲ ਕੰਮ ਕੀਤਾ। ਸ਼ੁਰੂਆਤ ਵਿੱਚ ਇੱਕ ਮੁੱਦੇ ਉੱਪਰ ਕੰਮ ਸ਼ੁਰੂ ਕੀਤਾ ਅਤੇ ਹੌਲੀ-ਹੌਲੀ ਖੇਤੀ ਦੇ ਹੋਰ ਪੱਖਾਂ ਨੂੰ ਵੀ ਇਸ ਵਿੱਚ ਸ਼ਾਮਿਲ ਕਰ ਲਿਆ।

ਕਿਸਾਨਾਂ ਨੂੰ ਸਿੱਖਿਆ ਦੇਣ ਦੀ ਪ੍ਰਕ੍ਰਿਆ ਦੌਰਾਨ, ਸਮੁਦਾਇਕ ਸੰਸਾਧਨ ਵਿਅਕਤੀਆਂ ਨੂੰ ਵਿਸਤਾਰਕ ਦੇ ਰੂਪ ਵਿੱਚ ਵਿਕਸਿਤ ਕਰਨ ਨਾਲ ਬਹੁਤ ਹੀ ਵਧੀਆ ਨਤੀਜੇ ਮਿਲੇ। ਸਮੁਦਾਇਕ ਸੰਸਾਧਨ ਵਿਅਕਤੀਆਂ ਨੇ ਕਿਸਾਨ ਸਮੁਦਾਇ ਵਿੱਚ ਖੇਤੀ ਪਰਿਸਥਿਤਕੀ ਦ੍ਰਿਸ਼ਟੀਕੋਣ ਨੂੰ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਸਭ ਹਿੱਸੇਦਾਰਾਂ ਦੀ ਸ਼ਮੂਲੀਅਤ ਗਿਆਨ ਦੇ ਆਦਾਨ-ਪ੍ਰਦਾਨ ਨੂੰ ਸਮਰੱਥ ਬਣਾਉਂਦੀ ਹੈ। ਕਿਸਾਨਾਂ ਨੂੰ ਸਿੱਖਿਆ ਦੇਣ ਦੀ ਪ੍ਰਕ੍ਰਿਆ ਦੌਰਾਨ, ਸਮੁਦਾਇਕ ਸੰਸਾਧਨ ਵਿਅਕਤੀਆਂ ਨੂੰ ਵਿਸਤਾਰਕ ਦੇ ਰੂਪ ਵਿੱਚ ਵਿਕਸਿਤ ਕਰਨ ਨਾਲ ਬਹੁਤ ਹੀ ਵਧੀਆ ਨਤੀਜੇ ਮਿਲੇ। ਸਮੁਦਾਇਕ ਸੰਸਾਧਨ ਵਿਅਕਤੀਆਂ ਨੇ ਕਿਸਾਨ ਸਮੁਦਾਇ ਵਿੱਚ ਖੇਤੀ ਪਰਿਸਥਿਤਕੀ ਦ੍ਰਿਸ਼ਟੀਕੋਣ ਨੂੰ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਖੇਤੀ ਪਰਿਸਥਿਤਕੀ ਪੁਰਾਣੀ ਵਿਵਸਥਾ ਵੱਲ ਮੁੜ ਜਾਣਾ ਨਹੀਂ ਹੈ, ਸਗੋਂ ਇਹ ਤਾਂ ਪ੍ਰੰਪਰਿਕ ਗਿਆਨ ਨੂੰ ਆਧੁਨਿਕ ਵਿਗਿਆਨਕ ਸਮਝ ਦੇ ਨਾਲ ਮਿਲਾ ਕੇ ਖੇਤੀ ਵਿੱਚ ਵਰਤਮਾਨ ਵਿੱਚ ਚੱਲ ਰਹੇ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਦਾ ਰਾਹ ਹੈ। ਇਸ ਪ੍ਰਕ੍ਰਿਆ ਵਿੱਚ, ਨੀਤੀ ਘਾੜਿਆਂ ਨੂੰ ਪ੍ਰਮਾਣ ਦਿਖਾ ਕੇ ਇਸ ਗੱਲ ਲਈ ਜਾਗਰੂਕ ਅਤੇ ਪ੍ਰੋਤਸ਼ਾਹਿਤ ਕੀਤਾ ਗਿਆ ਕਿ ਉਹ ਅਜਿਹੇ ਪ੍ਰੋਗਰਾਮ ਸ਼ੁਰੂ ਕਰਨ ਜੋ ਕਿਸਾਨਾਂ ਨੂੰ ਖੇਤੀ ਪਰਿਸਥਿਤਕੀ ਦ੍ਰਿਸ਼ਟੀਕੋਣ ਅਪਣਾਉਣ ਵਿੱਚ ਮੱਦਦ ਕਰਨ। ਇੰਟਰਨੈੱਟ ਯੁੱਗ ਨਾਲ ਤਾਲਮੇਲ ਬਿਠਾਉਂਦਿਆਂ, ਸੀਐਸਏ ਨੇ ਕਈ ਮੋਬਾਇਲ ਐਪਸ ਵਿਕਸਿਤ ਕੀਤੀਆਂ ਹਨ ਜੋ ਖੇਤਰ ਕਾਰਜਕਰਤਾਵਾਂ ਲਈ, ਸਮੁਦਾਇਕ ਸੰਸਾਧਨ ਵਿਅਕਤੀਆਂ ਲਈ ਅਤੇ ਪੜ੍ਹੇ-ਲਿਖੇ ਕਿਸਾਨਾਂ ਲਈ ਬਹੁਤ ਉਪਯੋਗੀ ਹਨ। ਪੈਸਟੋਸਕੋਪ ਇੱਕ ਅਜਿਹੀ ਹੀ ਉਪਯੋਗੀ ਐਪ ਹੈ ਜੋ ਕਿ ਖੇਤ ਵਿੱਚ ਕੀਟਾਂ ਦੀ ਪਛਾਣ ਕਰਨ ਲਈ ਬਹੁਤ ਉਪਯੋਗੀ ਹੈ। ਖੇਤਰ ਕਾਰਜਕਰਤਾ ਸਮੱਸਿਆ ਦੀ ਫ਼ੋਟੋ ਖਿੱਚ ਕੇ ਆਪਣਾ ਪ੍ਰਸ਼ਨ ਭੇਜ ਸਕਦੇ ਹਨ। ਭੇਜੀਆਂ ਗਈਆਂ ਫ਼ੋਟੋਆਂ ਆਪਣੇ-ਆਪ ਹੀ ਜੀਓ-ਟੈਗ ਹੋ ਜਾਂਦੀਆਂ ਹਨ। ਮਾਹਿਰਾਂ ਦਾ ਪੈਨਲ ਜਵਾਬ ਦਿੰਦਾ ਹੈ ਅਤੇ ਹੱਲ ਭੇਜਦਾ ਹੈ। ਐਪ ਨੂੰ ਗੂਗਲ ਪਲੇ ਐਪ ਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ ਅਤੇ ਇਹ ਵੈੱਬ ਪੇਜ (https://pestoscope.com/) ਦੇ ਰੂਪ ਵਿੱਚ ਵੀ ਉਪਲਬਧ ਹੈ। ਇਸੇ ਤਰ੍ਹਾਂ ਹੀ ਇੱਕ ਯੂਟਿਊਬ ਚੈਨਲ ਈਕ੍ਰਿਸ਼ੀਟੀਵੀ(https://www.yputube.com/c/krishiTV)

ਵੀ ਸੀ ਐਸ ਏ ਦੁਆਰਾ ਚਲਾਇਆ ਜਾ ਰਿਹਾ ਹੈ। ਇਸ ਚੈਨਲ ਉੱਪਰ ਕਿਸਾਨਾਂ ਦੇ ਤਜਰਬੇ, ਜੈਵਿਕ ਖਾਦਾਂ/ਕੀਟਨਾਸ਼ਕਾਂ ਨੂੰ ਬਣਾਉਣ, ਕਈ ਭਾਸਾਵਾਂ ਵਿੱਚ ਵੱਖ-ਵੱਖ ਮੱਦਿਆਂ ਉੱਪਰ ਫਿਲਮਾਂ ਮਿਲ ਜਾਣਗੀਆਂ।

ਸੀਐਸਏ ਨੇ ਆਪਣੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕਈ ਗੈਰ ਸਰਕਾਰੀ ਸੰਸਥਾਵਾਂ, ਸਰਕਾਰੀ ਅਧਿਕਾਰੀਆਂ, ਸਮੁਦਾਇਕ ਸੰਸਾਧਨ ਵਿਅਕਤੀਆਂ ਅਤੇ ਵਿਅਕਤੀਆਂ ਨੂੰ ਖੇਤੀ ਪਰਿਸਥਿਤਕੀ ਦ੍ਰਿਸ਼ਟੀਕੋਣ ਬਾਰੇ ਸਿਖਲਾਈ ਦਿੱਤੀ ਹੈ। ਕੋਰੋਨਾ ਮਹਾਂਮਾਰੀ ਦੌਰਾਨ ਲਾਕਡਾਊਨ ਨੇ ਸੀਐਸਏ ਨੂੰ ਆਭਾਸੀ ਸਿਖਲਾਈ ਬਾਰੇ ਹੋਰ ਘੋਖਣ ਦਾ ਮੌਕਾ ਦਿੱਤਾ। ਹਾਲਾਂਕਿ ਇਸ ਤਰ੍ਹਾ ਦੀਆਂ ਟ੍ਰੇਨਿੰਗਾਂ ਸਮੁਦਾਇ ਦੇ ਨਾਲ-ਨਾਲ ਸੀਐਸਏ ਲਈ ਵੀ ਇੱਕ ਨਵਾਂ ਹੀ ਤਜ਼ਰਬਾ

ਸੀ ਪਰ ਛੇਤੀ ਹੀ ਸੀਐਸਏ ਨੇ ਆਪਣੇ ਆਪ ਨੂੰ ਇਸ ਲਈ ਢਾਲ ਲਿਆ ਅਤੇ ਆਪਣਾ ਪਾਠਕ੍ਰਮ ਇਸਦੇ ਅਨੁਰੂਪ ਬਣਾ ਲਿਆ। ਵਰਤਮਾਨ ਵਿੱਚ, ਇਸ ਤਰ੍ਹਾ ਦੀਆਂ ਟ੍ਰੇਨਿੰਗਾਂ ਅਤੇ ਆਨਲਾਈਨ ਵਿਚਾਰ-ਵਟਾਂਦਰਾ ਰੋਜ਼ਾਨਾ ਜਿੰਦਗੀ ਦਾ ਹਿੱਸਾ ਬਣ ਗਿਆ ਹੈ।

ਸੀਐਸਏ ਨੇ ਗ੍ਰਾਮੀਣ ਅਕੈਡਮੀ, ਇੱਕ ਗ੍ਰਾਮੀਣ ਸਿੱਖਿਆ ਪੋਰਟਲ (https://www.grameenacademy.in) ਵੀ ਸ਼ੁਰੂ ਕੀਤਾ ਜੋ ਕਿ ਵਿਭਿੰਨ ਗ੍ਰਾਮੀਣ ਵਿਕਾਸ ਮੁੱਦਿਆਂ ਉੱਪਰ ਨਿਯਮਿਤ ਤੌਰ 'ਤੇ ਕੋਰਸ ਆਯੋਜਿਤ ਕਰਦਾ ਹੈ। ਗ੍ਰਾਮੀਣ ਅਕੈਡਮੀ ਗ੍ਰਾਮੀਣ ਨੌਜਵਾਨਾਂ, ਮਹਿਲਾਵਾਂ ਅਤੇ ਹੋਰਾਂ ਲਈ ਜੋ ਕਿ ਗ੍ਰਾਮੀਣ ਸੈਕਟਰ ਵਿੱਚ ਜਾਂ ਤਾਂ ਨੌਕਰੀ ਕਰਨਾ ਚਾਹੁੰਦੇ ਹਨ ਜਾਂ ਫਿਰ ਉੱਦਮੀ ਬਣਨਾ ਚਾਹੁੰਦੇ ਹਨ, ਲਈ ਗਿਆਨ ਅਤੇ ਕੌਸ਼ਲ ਨਿਰਮਾਣ ਲਈ ਇੱਕ ਵਿਕਲਪਿਕ ਸਿਖਲਾਈ ਈਕੋਸਿਸਟਮ ਬਣਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਸੀ। ਇਹ ਗ੍ਰਾਮੀਣ ਵਿਕਾਸ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ 'ਤੇ ਆਹਮੋ-ਸਾਹਮਣੇ ਅਤੇ ਆਨਲਾਈਨ ਦੋਵੇਂ ਤਰ੍ਹਾ ਅਤੇ ਦੋਵਾਂ ਦਾ ਮਿਸ਼ਰਣ ਕੋਰਸ ਪੇਸ਼ ਕਰਦਾ ਹੈ। ਗ੍ਰਾਮੀਣ ਅਕੈਡਮੀ ਇਹਨਾਂ ਕੋਰਸਾਂ ਲਈ ਹੋਰ ਸੰਸਥਾਵਾਂ ਨਾਲ ਮਿਲ ਕੇ ਵੀ ਕੰਮ ਕਰਦੀ ਹੈ। ਸੀਐਸਏ ਤੋਂ ਇਲਾਵਾ, ਹੋਰ ਸੰਸਥਾਵਾਂ ਵੀ ਆਪਸੀ ਵਿਚਾਰ-ਵਟਾਂਦਰੇ ਨਾਲ ਇਸ ਮੰਚ 'ਤੇ ਕੋਰਸ ਪੇਸ਼ ਕਰਕੇ ਆਪਣੀ ਮੁਹਾਰਤ ਲਿਆ ਸਕਦੀਆਂ ਹਨ।

ਸੀਐਸਏ ਨੇ ਵਿਸ਼ਵ ਪੱਧਰ 'ਤੇ ਵੱਖ-ਵੱਖ ਯੂਨੀਵਰਸਿਟੀਆਂ ਨਾਲ ਮਿਲ ਕੇ ਖੇਤੀ ਪਰਿਸਥਿਤਕੀ ਵਿੱਚ ਰਸਮੀ ਸਿੱਖਿਆ ਸ਼ੁਰੂ ਕਰਨ ਦੇ ਲਈ ਕ੍ਰਿਸ਼ਨਾ ਸੁਧਾ ਅਕੈਡਮੀ ਆਫ ਐਗ੍ਰੋਈਕੋਲੋਜੀ ਵੀ ਸ਼ੁਰੂ ਕੀਤਾ ਹੈ। ਸੀਐਸਏ ਨੇ ਸੈਂਚੁਰੀਅਨ ਯੂਨੀਵਰਸਿਟੀ ਨਾਲ ਜੈਵਿਕ/ਕੁਦਰਤੀ ਖੇਤੀ, ਗ੍ਰਾਮੀਣ ਆਜੀਵਿਕਾ, ਐਫਪੀਓ, ਖੋਜ ਅਤੇ ਸਾਂਝੇ ਹਿੱਤਾਂ ਵਾਲੇ ਹੋਰ ਖੇਤਰਾਂ ਬਾਰੇ ਸਾਂਝਾ ਕੋਰਸ ਪੇਸ਼ ਕਰਨ ਲਈ ਐਮਓਯੂ ਸਾਈਨ ਕੀਤਾ ਹੈ। ਸੀਐਸਏ ਪੇਸ਼ ਕੀਤੇ ਕੋਰਸਾਂ ਲਈ ਪਾਠਕ੍ਰਮ ਵਿਕਸਿਤ ਕਰੇਗਾ, ਜੈਵਿਕ /ਕੁਦਰਤੀ ਖੇਤੀ ਬਾਰੇ, ਐਫਪੀਓ, ਨੀਤੀ ਮੁੱਦਿਆਂ ਆਦਿ ਬਾਰੇ ਅਧਿਆਪਕਾਂ ਲਈ ਸਿਖਲਾਈ ਪ੍ਰਦਾਨ ਕਰੇਗਾ।

**ਸਿੱਟਾ**- ਖੇਤੀ ਪਰਿਸਥਿਤਕੀ ਸਿੱਖਿਆ ਦਾ ਸਾਰ ਸਥਾਨਕ ਸਥਿਤੀਆਂ ਨੂੰ ਸਮਝਣਾ ਅਤੇ ਕਿਸਾਨ ਸਮੁਦਾਇ ਦੀਆਂ ਵਰਤਮਾਨ ਅਤੇ ਭਵਿੱਖ ਦੀਆਂ ਲੋੜਾਂ ਨੂੰ ਸਮਝਦੇ ਹੋਏ ਉਸ ਅਨੁਸਾਰ ਉਚਿਤ ਖੇਤੀ ਪਰਿਸਥਿਤਕੀ ਤਰੀਕਿਆਂ ਨੂੰ ਸੁਝਾਉਣਾ ਹੈ। ਜੇਕਰ ਕਿਸਾਨ ਦੀ ਵਰਤਮਾਨ ਸਮੱਸਿਆ ਦਾ ਹੱਲ ਕੱਢ ਲਿਆ ਜਾਵੇ ਤਾਂ ਹੋ ਸਕਦਾ ਹੈ ਕੱਲ ਨੂੰ ਕੋਈ ਹੋਰ ਮੁੱਦਾ ਕਿਸਾਨਾਂ ਲਈ ਵੱਡੀ ਸਮੱਸਿਆ ਬਣ ਕੇ ਖੜ੍ਹਾ ਹੋ ਜਾਵੇ। ਮੁੱਦੇ ਸਮੇਂ ਅਨੁਸਾਰ ਬਦਲਦੇ ਰਹਿੰਦੇ ਹਨ। ਇਸ ਲਈ ਸੰਸਥਾਵਾਂ ਨੂੰ ਵੀ ਕਿਸਾਨ ਸਮੁਦਾਇ ਦੇ ਬਦਲਾਵਾਂ ਅਨੁਸਾਰ ਵਿਕਸਿਤ ਹੋਣ ਦੀ ਲੋੜ ਹੁੰਦੀ ਹੈ। ਸਿਖਲਾਈ ਸਮੱਗਰੀ ਵਿੱਚ ਸਮੇਂ-ਸਮੇਂ ਸਿਰ ਲੋੜੀਂਦੇ ਬਦਲਾਅ ਲਿਆਉਣਾ ਅਤੇ ਸਿਖਲਾਈ ਅਨੁਸਾਰ ਢੁੱਕਵੇ ਸਰੋਤ ਸੰਸਾਧਨਾਂ ਦੀ ਵਰਤੋਂ ਇਸ ਸਿੱਖਿਆ ਦੇ ਮਹੱਤਵਪੂਰਨ ਪੱਖ ਹਨ। ਇਸਦੇ ਨਾਲ ਹੀ, ਕਿਸਾਨਾਂ ਨੂੰ ਤਕਨੀਕੀ, ਵਿਸਤਾਰ ਅਤੇ ਨਵੀਨਤਾਕਾਰੀ ਭਾਈਵਾਲ ਵਜੋਂ ਇਸ ਸਿੱਖਣ ਪ੍ਰਕ੍ਰਿਆ ਵਿੱਚ ਸ਼ਾਮਿਲ ਕਰਨਾ ਬਹੁਤ ਹੀ ਮਹੱਤਵਪੂਰਨ ਹੈ ਤਾਂਕਿ ਸਥਾਨਕ ਖੇਤੀ ਵਿਵਸਥਾ ਅਨੁਸਾਰ ਹੀ ਸਥਾਨਕ ਹੱਲ ਵਿਕਸਿਤ ਕੀਤੇ ਜਾ ਸਕਣ।

**ਜੀ ਚੰਦਰ ਸ਼ੇਖਰ, ਜੀ ਰਾਜਸ਼ੇਖਰ ਅਤੇ**
**ਜੀ ਵੀ ਰਾਮਾਂਜਿਯਾਂਲੂ**

ਸੈਂਟਰ ਫਾਰ ਸਸਟੇਨੇਬਲ ਐਗ੍ਰੀਕਲਚਰ
ਮਕਾਨ ਨੰ: 12-13-568, ਨਾਗਾਰੁਜਨਾ ਨਗਰ, ਗਲੀ ਨੰ: 14
ਲੇਨ ਨੰ: 10, ਤਾਰਨਾਕਾ, ਸਿਕੰਦਰਾਬਾਦ - 500017
ਈਮੇਲ:- sekhar@csa-india.org

**ਬੀਜ ਜ਼ਿੰਦਗੀ ਹਨ...ਤੇ ਔਰਤਾਂ ਜ਼ਿੰਦਗੀ ਦਾ ਅਥਾਹ ਸਾਗਰ**
**ਇਹ ਬੀਜ ਔਰਤਾਂ ਦੇ ਹੱਥਾਂ ਵਿੱਚ ਹੀ ਮਹਿਫੂਜ਼ ਰਹਿ ਸਕਦੇ ਹਨ।**



**ਬੀਜਾਂ ਦੀ ਇਹ ਦੌਲਤ**
**ਆਪਣੇ ਹੱਥੋਂ ਨਾ ਜਾਣ ਦਿਓ!**
**ਬੀਜਾਂ ਬਗੈਰ ਖੇਤੀ ਸੰਭਵ ਹੀ ਨਹੀਂ।**



**ਯਾਦ ਰੱਖੋ ਮੁਨਾਫੇ ਲਈ ਹਾਬੜੀਆਂ ਬਹੁਕੌਮੀ ਕੰਪਨੀਆਂ**
**ਤੁਹਾਡੇ ਹੱਥੋਂ ਬੀਜ ਖੋਹਣ ਲਈ ਉਤਾਵਲੀਆਂ ਹਨ।**
**ਕੀ ਤੁਸੀਂ ਇਹ ਸਭ ਹੋਣ ਦਿਓਗੇ?**
**ਬੀਜਾਂ ਦੀ ਗੁਲਾਮੀ: ਖੇਤਾਂ ਦੀ ਗੁਲਾਮੀ, ਦੇਸ਼ ਦੀ ਗੁਲਾਮੀ**

# ਖੇਤੀ-ਪਰਿਸਥਿਤਕੀ ਦ੍ਰਿਸ਼ਟੀਕੋਣ ਨੂੰ ਮੁੜ ਸੁਰਜੀਤ ਕਰਨ ਲਈ ਰਣਨੀਤੀਆਂ

- ਸੁਸੰਤਾ ਸੇਖਰ ਚੌਧਰੀ, ਬਿਸਵਾ ਸੰਕਰ ਦਾਸ, ਪੁਲਕ ਰੰਜਨ ਨਾਇਕ

**ਕਿਸੇ ਵੀ ਸਿੱਖਿਆ ਪ੍ਰਣਾਲੀ ਦਾ ਕੇਂਦਰ ਗਿਆਨ ਹੁੰਦਾ ਹੈ। ਇਹ ਲੇਖ ਇਹ ਉਜਾਗਰ ਕਰਦਾ ਹੈ ਕਿ ਕਿਸ ਤਰ੍ਹਾ ਮੂਲ ਅਨਾਜਾਂ ਬਾਰੇ ਕਿਸਾਨਾਂ ਦੇ ਪ੍ਰੰਪਰਿਕ ਗਿਆਨ ਨੂੰ ਲੱਭਣਾ, ਮੁੜ ਸੁਰਜੀਤ ਕਰਨਾ ਅਤੇ ਫਿਰ ਉਸਦਾ ਦਸਤਾਵੇਜ਼ੀਕਰਨ ਕਰਨ ਦਾ ਕੰਮ ਕੀਤਾ ਗਿਆ, ਕਿਸ ਤਰ੍ਹਾ ਪ੍ਰਤਿਭਾਗੀ ਕਿਸਮ ਪਰੀਖਣਾਂ ਰਾਹੀ 'ਕਿਸਾਨ ਕੇਂਦ੍ਰਿਤ ਖੋਜ ਪ੍ਰਕ੍ਰਿਆ' ਕੀਤੀ ਗਈ ਅਤੇ ਕਿਵੇਂ ਪਰੀਖਣ, ਪਹੁੰਚ ਅਤੇ ਗਿਆਨ ਦੇ ਪ੍ਰਸਾਰ ਦੇ ਲਈ ਸੁਮਦਾਇ ਆਧਾਰਿਤ ਗਿਆਨ ਕੇਂਦਰ ਬਣਾਇਆ ਗਿਆ।**

ਖੇਤੀ ਪਰਿਸਥਿਤਕੀ ਤਕਨੀਕੀ ਵਿਧੀਆਂ ਦਾ ਪ੍ਰਚਾਰ ਨਹੀਂ ਕਰਦੀ ਸਗੋਂ ਇਹ ਤਾਂ ਸਿਧਾਂਤਾਂ ਨੂੰ ਉਤਸ਼ਾਹਿਤ ਕਰਦੀ ਹੈ। ਇਹ ਖੇਤੀ ਵਿੱਚ ਲੱਗਣ ਵਾਲੇ ਸਮਾਨ ਦੀ ਖੇਤੀ ਨਹੀ ਸਗੋਂ ਪ੍ਰਕ੍ਰਿਆ ਦੀ ਖੇਤੀ ਹੈ। ਤਕਨੀਕੀ ਸਿਰਜਣ ਪ੍ਰਕ੍ਰਿਆ ਆਦਰਸ਼ ਰੂਪ ਵਿੱਚ ਅਜਿਹੀ ਹੋਣੀ ਚਾਹੀਦੀ ਹੈ ਜਿਸ ਵਿੱਚ ਸਭ ਦੀ ਸਹਿਭਾਗਿਤਾ ਹੋਵੇ ਜਾਂ ਫਿਰ ਇਹ ਕਿਸਾਨ ਦੀ ਅਗਵਾਈ ਵਾਲੀ ਅਜਿਹੀ ਪ੍ਰਕ੍ਰਿਆ ਹੋਣੀ ਚਾਹੀਦੀ ਹੈ ਜਿਸ ਵਿੱਚ ਕਿਸਾਨ ਖੋਜਕਰਤਾਵਾਂ ਨਾਲ ਮਿਲ ਕੇ ਖੋਜ ਪ੍ਰਸ਼ਨਾਂ ਅਤੇ ਖੇਤਰ ਦੇ ਡਿਜ਼ਾਇਨ , ਸੰਚਾਲਨ ਅਤੇ ਮੁਲਾਂਕਣ ਵਿੱਚ ਆਪਣਾ ਪੂਰਾ ਯੋਗਦਾਨ ਪਾਉਣ। ਜ਼ਿਆਦਾਤਰ ਪ੍ਰੰਪਰਿਕ ਕਿਸਾਨਾਂ ਕੋਲ ਆਪਣੇ ਆਲੇ-ਦੁਆਲੇ, ਖਾਸ ਕਰਕੇ ਸਥਾਨਕ ਭੂਗੋਲਿਕ ਅਤੇ ਸੱਭਿਆਚਾਰਕ ਦਾਇਰੇ ਦੇ ਅੰਦਰ ਦੀ ਸਾਰੀ ਜਾਣਕਾਰੀ ਹੁੰਦੀ ਹੈ।

ਮਲਕਾਨਗਿਰੀ ਉੜੀਸਾ ਦੇ ਸਭ ਤੋਂ ਦੱਖਣੀ ਜਿਲ੍ਹੇ ਵਿੱਚ ਸਥਿਤ ਹੈ। ਬੋਂਡਾ, ਕੋਇਆ, ਪੋਰਜਾ ਅਤੇ ਦੀਦਾਈ ਇਸ ਜਿਲ੍ਹੇ ਦੇ ਪ੍ਰਮੁੱਖ ਨਿਵਾਸੀ ਹਨ। ਪ੍ਰੰਪਰਿਕ ਮੂਲ ਅਨਾਜਾਂ ਦੀਆਂ ਕਿਸਮਾਂ ਜੋ ਮਲਕਾਨਗਿਰੀ ਦੇ ਇਹਨਾਂ ਆਦੀਵਾਸੀ ਸਮੁਦਾਇਆਂ ਦੁਆਰਾ ਉਗਾਈਆਂ ਜਾ ਰਹੀਆਂ ਸਨ , ਹੌਲੀ-ਹੌਲੀ ਸਰਕਾਰ ਦੁਆਰਾ ਪ੍ਰੋਤਸ਼ਾਹਿਤ ਕੀਤੀਆਂ ਗਈਆਂ ਉੱਚ ਝਾੜ ਦੇਣ ਵਾਲੀਆਂ ਕਿਸਮਾਂ ਨਾਲ ਬਦਲ ਗਈਆਂ। ਵਿਭਿੰਨ ਫਸਲਾਂ ਦੇ ਕੀਮਤੀ ਜੈਨੇਟਿਕ ਸ੍ਰੋਤਾਂ ਨੂੰ ਮੁੜ ਸੁਰਜੀਤ ਕਰਨ ਲਈ ਸਰਕਾਰੀ ਵਿਭਾਗ ਜਾਂ ਕਿਸੇ ਹੋਰ ਏਜੰਸੀ ਦੁਆਰਾ ਨਾਂ ਦੇ ਬਰਾਬਰ ਖੋਜ ਅਤੇ ਕੋਸ਼ਿਸ਼ ਕੀਤੀ ਗਈ। ਇਹ ਉੱਚ ਝਾੜ ਵਾਲੀਆਂ ਕਿਸਮਾਂ ਜਲਵਾਯੂ ਪਰਿਵਰਤਨ ਦੀ ਮਾਰ ਨਹੀਂ ਝੱਲ ਸਕੀਆਂ ਜਿਸਦੇ ਨਤੀਜੇ ਵਜੋਂ ਬਹੁਤ ਹੀ ਘੱਟ ਪੈਦਾਵਾਰ ਹੋਈ ਅਤੇ ਇਹਨਾਂ ਸਭ ਕਰਕੇ ਆਦੀਵਾਸੀ ਸਮੁਦਾਇ ਦੇ ਲੋਕਾਂ ਨੂੰ ਮਜਬੂਰਨ ਸ਼ਹਿਰ ਵੱਲ ਪ੍ਰਵਾਸ ਕਰਨਾ ਪਿਆ।

ਇਹ ਲੇਖ ਖੇਤੀ ਪਰਿਸਥਿਤਕੀ ਦ੍ਰਿਸ਼ਟੀਕੋਣ ਦੀ ਵਰਤੋਂ ਕਰਕੇ ਮੂਲ ਅਨਾਜਾਂ ਨੂੰ ਮੁੜ ਸੁਰਜੀਤ ਕਰਨ ਅਤੇ ਉਹਨਾਂ ਦੀ ਆਜੀਵਿਕਾ ਲਈ ਮੱਦਦ ਦੇਣ ਲਈ ਉੜੀਸਾ ਮਿਲਿਟ ਮਿਸ਼ਨ ਦੁਆਰਾ ਅਪਣਾਈਆਂ ਗਈਆਂ ਰਣਨੀਤੀਆਂ ਦੀ ਵਿਆਖਿਆ ਕਰਦਾ ਹੈ। ਉੜੀਸਾ ਮਿਲਿਟ ਮਿਸ਼ਨ ਵਾਟਰਸ਼ੈੱਡ ਸਪੋਰਟ ਸਰਵਿਸਜ਼ ਅਤੇ ਐਕਟੀਵਿਟੀਜ਼ ਨੈੱਟਵਰਕ (ਵਾਸਨ) ਦੁਆਰਾ ਲਾਗੂ ਕੀਤਾ ਗਿਆ ਇੱਕ ਪ੍ਰਮੁੱਖ ਪ੍ਰੋਗਰਾਮ ਹੈ ਜਿਸਦੇ ਲਈ ਡਾਇਰੈਕਟਰ ਆਫ ਐਗ੍ਰੀਕਲਚਰ ਐਂਡ ਫੂਡ ਪ੍ਰੋਡਕਸ਼ਨ (ਡੀਏਐਫਪੀ), ਉੜੀਸਾ ਸਰਕਾਰ ਅਤੇ ਨਵਕ੍ਰਿਸ਼ਨਾ ਚੌਧਰੀ ਸੈਂਟਰ ਫਾਰ ਡਿਵਲਪਮੈਂਟ ਸਟੱਡੀਜ਼ (ਐਨ ਸੀ ਡੀ ਐਸ) ਭੁਵਨੇਸ਼ਵਰ ਦੁਆਰਾ ਸਹਿਯੋਗ ਦਿੱਤਾ ਗਿਆ। ਵਾਸਨ ਨੇ ਸੀ ਡੀ ਬਲਾਕ ਪੱਧਰ 'ਤੇ ਚੁਣੀਆਂ ਹੋਈਆਂ ਗੈਰ ਸਰਕਾਰੀ ਸੰਸਥਾਵਾਂ ਅਤੇ ਸਮੁਦਾਇ ਪ੍ਰਬੰਧਿਤ ਸੰਸਥਾ (ਸੀਬੀਓ) ਰਾਹੀ ਓਐਮਐਮ ਗਤੀਵਿਧੀਆਂ ਲਾਗੂ ਕੀਤੀਆਂ। ਮਿਸ਼ਨ ਦਾ ਸਮੁੱਚਾ ਯਤਨ ਮਿਸ਼ਨ ਦੇ ਗਤੀਵਿਧੀਆਂ ਵਾਲੇ ਪਿੰਡਾਂ ਵਿੱਚ ਉਤਪਾਦਨ ਦੇ ਵੱਖ-ਵੱਖ ਤਰੀਕੇ (ਮਿਲਿਟ ਸੰਘਣਤਾ ਪ੍ਰਣਾਲੀ - ਐਸਐਮਆਈ, ਲਾਈਨ ਰੋਪਾਈ ਅਤੇ ਲਾਈਨ ਬਿਜਾਈ) ਅਪਣਾ ਕੇ ਰਾਜ ਪੱਧਰ 'ਤੇ ਉਤਪਾਦਕਤਾ ਦੇ ਪੱਧਰ ਨੂੰ ਉੱਪਰ ਚੁੱਕਣਾ ਸੀ।

**ਇਸ ਦੇ ਲਈ ਅਪਣਾਈਆਂ ਗਈਆਂ ਮੁੱਖ ਪ੍ਰਕ੍ਰਿਆਵਾਂ ਸਨ :**

- ਰਵਾਇਤੀ ਫਸਲਾਂ ਦੀ ਖੋਜ, ਦਸਤਾਵੇਜ਼ੀਕਰਨ ਅਤੇ ਯਥਾਸਥਿਤੀ ਸੰਭਾਲ
- ਚਿਤਰਕੋਂਡਾ ਅਤੇ ਮਲਕਾਨਗਿਰੀ ਵਿਖੇ ਖੇਤੀ ਪਰਿਸਥਿਤਕੀ ਆਧਾਰਿਤ ਇੱਕ ਜੀਵੰਤ ਸਮੁਦਾਇਕ ਕੇਂਦਰ ਬਣਾਉਣਾ ਤਾਂਕਿ ਵਧ ਤੋਂ ਵਧ ਜਾਣਨ ਦਾ ਮੌਕਾ ਮਿਲੇ।
- ਸਹਿਭਾਗੀ ਕਿਸਮ ਪਰੀਖਣ ਆਯੋਜਿਤ ਕਰਨੇ ਤਾਂਕਿ ਕਿਸਾਨ ਪ੍ਰਯੋਗ ਕਰਨ ਅਤੇ ਅਜਿਹੀਆਂ ਕਿਸਮਾਂ ਦੇ ਗੁਣਾਂ ਦਾ ਖੁਦ ਮੁਲਾਂਕਣ ਕਰਨ ਦੇ ਸਮਰੱਥ ਹੋ ਸਕਣ।
- ਖੇਤੀ ਜੈਵ ਵਿਭਿੰਨਤਾ ਰਜਿਸਟਰ ਸਥਾਪਤ ਕਰਨਾ

**ਪ੍ਰੰਪਰਿਕ ਫਸਲਾਂ ਦੀ ਖੋਜ, ਦਸਤਾਵੇਜ਼ੀਕਰਨ ਅਤੇ ਉਹਨਾਂ ਦੇ ਅਸਲ ਰੂਪ ਵਿੱਚ ਸੰਭਾਲ** ਉੜੀਸਾ ਮਿਲਿਟ ਮਿਸ਼ਨ ਨੇ ਚੌਲਾਂ, ਦਾਲਾਂ ਅਤੇ ਤੇਲ ਦੀਆਂ ਫਸਲਾਂ ਦੇ ਬੀਜਾਂ ਦਾ ਪਤਾ ਲਗਾਇਆ ਜੋ ਕਿ ਹਾਲੇ ਵੀ ਜਿਲ੍ਹੇ ਦੇ ਕੁੱਝ ਹਿੱਸਿਆਂ ਵਿੱਚ ਉਗਾਏ ਜਾਂਦੇ ਸੀ। ਇਹਨਾਂ ਕਿਸਮਾਂ ਨੂੰ ਓਐਮਐਮ ਦੇ ਸਮੁਦਾਇਕ ਪ੍ਰਬੰਧਿਤ ਬੀਜ ਵਿਵਸਥਾ (ਸੀ ਐਮ ਐਸ ਐਸ) ਨਾਲ ਜੁੜੇ ਬਲਾਕ ਵਿੱਚ ਸਥਾਪਤ ਕੀਤੇ ਜੀਨ ਬੈਂਕ ਅਤੇ ਰਾਜ ਬੀਜ ਪਰੀਖਣ ਪ੍ਰਯੋਗਸ਼ਾਲਾ, ਭੁਵਨੇਸ਼ਵਰ ਵਿਖੇ ਕ੍ਰਾਇਓਜੈਨਿਕ ਪ੍ਰਣਾਲੀ ਵਿੱਚ ਰੱਖਿਆ ਗਿਆ। ਹੁਣ ਤੱਕ ਰਾਜ ਬੀਜ ਪਰੀਖਣ ਪ੍ਰਯੋਗਸ਼ਾਲਾ ਵਿੱਚ ਮਿਲਿਟ ਦੀਆਂ 97 ਦੇਸੀ ਕਿਸਮਾਂ ਨੂੰ ਰੱਖਿਆ ਜਾ ਚੁੱਕਿਆ ਹੈ। ਫੀਲਡ ਜੀਨ ਬੈਂਕ ਵਿੱਚ ਕਿਸਾਨ ਹਰ ਸਾਲ ਕੁੱਝ ਕਿਸਮਾਂ ਆਪਣੇ ਖੇਤ ਵਿੱਚ ਉਗਾਉਂਦੇ ਹਨ ਅਤੇ ਫਿਰ ਉਹਨਾਂ ਵਿੱਚ ਅੱਗੇ ਵਧਾਉਣ ਲਈ ਉੱਤਮ ਕਿਸਮਾਂ ਦੀ ਚੋਣ ਕਰਦੇ ਹਨ। ਕਿਸਾਨ ਰਾਜ ਬੀਜ ਪਰੀਖਣ ਪ੍ਰਯੋਗਸ਼ਾਲਾਂ ਤੋਂ ਵੀ ਇਹਨਾਂ ਬੀਜਾਂ ਨੂੰ ਲੈ ਸਕਦੇ ਹਨ ਜੇਕਰ ਕਿਸੇ ਕੁਦਰਤੀ ਆਫ਼ਤ ਕਰਕੇ ਉਹਨਾਂ ਬੀਜਾਂ ਦਾ ਨੁਕਸਾਨ ਹੋ ਗਿਆ ਹੋਵੇ।

**ਮੂਲ ਅਨਾਜਾਂ ਦੀਆਂ ਦੇਸੀ ਕਿਸਮਾਂ ਨੂੰ ਇੱਕ ਨਿਰਧਾਰਤ ਖਾਕੇ ਵਿੱਚ ਮੁੱਢਲੇ** ਸਰੰਖਿਅਕਾਂ/ਰੱਖਿਅਕਾਂ ਕੋਲੋਂ ਇਕੱਠੀਆਂ ਕੀਤੀਆਂ ਗਈਆਂ। ਖੇਤੀ ਪਰਿਸਥਿਤਕੀ ਕੇਂਦਰ ਵਿੱਚ ਆਯੋਜਿਤ ਕੀਤੀਆਂ

ਗਈਆਂ ਸੁਰੱਖਿਅਕ ਗਤੀਵਿਧੀਆਂ ਵਿੱਚ ਕਿਸਾਨਾਂ ਨੂੰ ਵੱਖ-ਵੱਖ ਪੜਾਵਾਂ , ਸਰੰਖਿਅਕ ਪਲਾਟ ਤੋਂ ਬੀਜ ਸਮੱਗਰੀ ਇਕੱਠੀ ਕਰਨ ਲਈ ਫਸਲ ਚੱਕਰ ਵਿੱਚ ਦੋ ਵਾਰ, ਦਾਣਾ ਆਉਣ ਦੇ ਆਖਰੀ ਪੜਾਅ ਉੱਪਰ ਅਤੇ ਫਸਲ ਦੇ ਪੱਕਣ ਦੇ ਪੜਾਅ ਵਿੱਚ ਸ਼ਾਮਿਲ ਕੀਤਾ ਗਿਆ। ਤਰਜੀਹੀ ਕਿਸਮ ਦੀ ਸਰੰਖਿਅਕਾਂ ਦੁਆਰਾ ਪ੍ਰਸੰਗਕਿਤਾ, ਬਹੁ-ਕਾਰਜਕਾਰੀ ਅਤੇ ਸੱਭਿਆਚਾਰਕ ਗਿਆਨ ਦੇ ਆਧਾਰ 'ਤੇ ਉਜਾਗਰ ਕੀਤੀਆਂ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਪਛਾਣ ਕਰਨਾ ਮਹੱਤਵਪੂਰਨ ਹੈ। ਇੱਥੇ ਹੀ ਖੇਤ ਦਾ ਪ੍ਰੰਪਰਿਕ ਗਿਆਨ ਖੇਤੀਬਾੜੀ ਸਿੱਖਿਆ ਨੂੰ ਵਿਸਤਾਰ ਦਿੰਦਾ ਹੈ ਜਿਸ ਵਿੱਚ ਸਥਾਨਕ ਸਮੁਦਾਇ ਦੀਆਂ ਵਿਸ਼ੇਸ਼ਤਾਵਾਂ ਵੀ ਸ਼ਾਮਿਲ ਰਹਿੰਦੀਆਂ ਹਨ।

**ਚਿੱਤਰਾਕੋਂਡਾ, ਮਲਕਾਨਗਿਰੀ ਵਿਖੇ ਖੇਤੀ ਪਰਿਸਥਿਤਕੀ ਕੇਂਦਰ ਦੀ ਸਥਾਪਨਾ:** ਉੜੀਸਾ ਸਰਕਾਰ ਦੁਆਰਾ ਮਲਕਾਨਗਿਰੀ ਵਿੱਚ ਸਮੁਦਾਇਕ ਅਗਵਾਈ ਵਾਲਾ ਐਗਰੋ-ਈਕੋਲੋਜੀ ਅਤੇ ਐਗਰੋ-ਬਾਇਓਡਾਈਵਰਸਿਟੀ ਕੇਂਦਰ ਸ਼ੁਰੂ ਕੀਤਾ ਗਿਆ। ਇਹ ਕੇਂਦਰ ਸਵੈ ਸਹਾਇਤਾ ਸਮੂਹਾਂ ਅਤੇ ਸਮੁਦਾਇ ਦੀ ਸਹਾਇਤਾ ਨਾਲ ਸਥਾਨਕ ਦੇਸੀ ਕਿਸਮਾਂ ਨੂੰ ਮੁੜ ਬਹਾਲ ਕਰਨ ਲਈ ਅਤੇ ਉਹਨਾਂ ਦੀ ਸੰਭਾਲ ਕਰਨ ਸੰਬੰਧੀ ਖੋਜ, ਯਥਾਸਥਿਤੀ ਸੰਭਾਲ ਅਤੇ ਕਿਸਮਾਂ ਦੀ ਜੈਨੇਟਿਕ ਸ਼ੁੱਧਤਾ ਨੂੰ ਬਣਾਈ ਰੱਖਣ ਦਾ ਕੰਮ ਕਰਦਾ ਹੈ। ਇਹ ਕਿਸਾਨਾਂ ਦੁਆਰਾ ਮੰਗੀਆਂ ਗਈਆਂ ਸਥਾਨਕ ਕਿਸਮਾਂ ਦੇ ਬੀਜਾਂ ਦਾ ਉਤਪਾਦਨ ਕਰਦਾ ਹੈ ਅਤੇ ਮਹਿਲਾ ਸਵੈ ਸਹਾਇਤਾ ਸਮੂਹਾਂ /ਸਵੈ ਸਹਾਇਤਾ ਸਮੂਹ ਫੈਡਰੇਸ਼ਨਾਂ/ਕਿਸਾਨ ਉਤਪਾਦਕ ਸੰਗਠਨਾਂ ਰਾਹੀ ਉਹਨਾਂ ਦੀ ਆਪੂਰਤੀ ਕਰਵਾਉਂਦਾ ਹੈ। ਇਸਦੇ ਨਾਲ ਹੀ ਇਹ ਜੈਵ ਵਿਭਿੰਨਤਾ ਪ੍ਰਬੰਧਨ ਕਮੇਟੀ ਦੇ ਸਹਿਯੋਗ ਨਾਲ ਜੈਵ ਵਿਭਿੰਨਤਾ ਰਜਿਸਟਰ ਵੀ ਤਿਆਰ ਕਰਦਾ ਹੈ।

ਉੜੀਸਾ ਦੇ ਵੱਖ-ਵੱਖ ਭਾਗਾਂ ਤੋਂ ਪ੍ਰਾਪਤ ਕੀਤੇ ਗਏ ਮਿਲਿਟ ਦੀਆਂ ਦੇਸੀ ਕਿਸਮਾਂ ਦੇ ਬੀਜਾਂ ਨੂੰ ਇਸ ਕੇਂਦਰ ਵਿੱਚ ਉਗਾਇਆ ਜਾਂਦਾ ਹੈ ਅਤੇ ਆਈ ਸੀ ਏ ਆਰ- ਆਈ ਆਈ ਐਮ ਆਰ ਦੇ ਭਾਰਤ ਅਤੇ ਵਿਭਿੰਨਤਾ, ਇਕਸਾਰਤਾ ਅਤੇ ਸਥਿਰਤਾ ਦੇ ਆਲ ਇੰਡੀਆ ਕੋਆਰਡੀਨੇਟਡ ਰਿਸਰਚ ਪ੍ਰੋਜੈਕਟ ਦੁਆਰਾ ਵਿਕਸਿਤ ਨਿਰਧਾਰਤ ਖਾਕੇ ਵਿੱਚ ਉਸਦਾ ਵੇਰਵਾ ਪਾਇਆ ਜਾਂਦਾ ਹੈ। ਰਾਗੀ ਦੀਆਂ 60 ਵਿੱਚੋਂ 12 ਕਿਸਮਾਂ ਨੂੰ ਪ੍ਰੋਤਸ਼ਾਹਿਤ ਕੀਤਾ ਗਿਆ। ਇਹਨਾਂ ਸਰੰਖਿਅਕ ਕਿਸਮਾਂ ਵਿੱਚ ਚੀਨਾ , ਸਾਮਾ, ਹਰੀ ਕੰਗਨੀ , ਟੇਫ ਸ਼ਾਮਿਲ ਹਨ। ਪਲਾਟ ਦਾ ਦੌਰਾ ਕਰਨ ਵਾਲੇ ਜਿੰਨਾਂ ਵਿੱਚ ਕਿਸਾਨ ਅਤੇ ਮਾਹਿਰ ਵੀ ਸ਼ਾਮਿਲ ਹਨ ਅਤੇ ਉਹ ਬੀਜਾਂ ਦੀ ਮੰਗ ਕਰਦੇ ਹਨ। ਸਮੱਗਰੀ ਟਰਾਂਸਫਰ ਸਮਝੌਤਾ ਫਾਰਮ ਬੀਜ ਲੈਣ ਵਾਲੇ ਵੱਖ-ਵੱਖ ਹਿੱਸੇਦਾਰਾਂ ਨੂੰ ਦਿੱਤਾ ਜਾਂਦਾ ਹੈ। 2021-22 ਵਿੱਚ ਕੇਂਦਰ ਦਾ ਦੌਰਾ ਕਰਨ ਵਾਲੇ ਲਗਭਗ 68 ਲੋਕ ਸਨ ਜਿੰਨਾਂ ਵਿੱਚ ਪ੍ਰਮੁੱਖ ਖੋਜ ਸੰਸਥਾਵਾਂ ਦੇ ਨਿਰਦੇਸ਼ਕ, ਉੜੀਸਾ ਦੇ ਮੁੱਖ ਸਕੱਤਰ, ਸਿਵਲ ਸੁਸਾਇਟੀਆਂ ਦੇ ਪੇਸ਼ੇਵਰ ਅਤੇ ਕਿਸਾਨ ਸ਼ਾਮਿਲ ਸਨ।

**ਖੇਤੀ ਜੈਵ ਵਿਭਿੰਨਤਾ ਰਜਿਸਟਰ ਤਿਆਰ ਕਰਨਾ:** ਵਾਸਨ ਨੇ ਖੇਤੀਬਾੜੀ ਵਿਭਾਗ ਅਤੇ ਉੜੀਸਾ ਜੈਵ ਵਿਭਿੰਨਤਾ ਬੋਰਡ ਨਾਲ ਮਿਲ ਕੇ ਮਲਕਾਨਗਿਰੀ ਜਿਲ੍ਹੇ ਦੇ ਪੰਜ ਕਲਸਟਰਾਂ ਵਿੱਚ ਵਿਭਿੰਨ ਰਵਾਇਤੀ ਫਸਲਾਂ ਨਾਲ ਸੰਬੰਧਿਤ ਪ੍ਰੰਪਰਿਕ ਗਿਆਨ ਦੇ ਦਸਤਾਵੇਜ਼ੀਕਰਨ ਦੇ ਕੰਮ ਨੂੰ ਸ਼ੁਰੂ ਕੀਤਾ। ਇਹਨਾਂ ਜਿਲ੍ਹਿਆਂ ਵਿੱਚ ਮੁੱਖ ਸਮੁਦਾਇ ਹਨ- ਬੋਂਡਾ, ਦੀਦੀਆ, ਕੋਇਆ ਅਤੇ ਕੋਂਧਾ। ਇਸ ਦਸਤਾਵੇਜ਼ੀਕਰਨ ਲਈ ਰਾਸ਼ਟਰੀ ਜੈਵ ਵਿਭਿੰਨਤਾ ਅਥਾਰਟੀ ਦੇ ਸਿਫਾਰਿਸ਼ ਕੀਤੇ ਖਾਕੇ ਦਾ ਪਾਲਣ ਕੀਤਾ ਗਿਆ। ਹਰ ਪੰਚਾਇਤ ਵਿੱਚ, ਦਸਤਾਵੇਜ਼ੀਕਰਨ ਸਹੀ ਤਰੀਕੇ ਨਾਲ ਹੋਵੇ, ਇਸਦੇ ਲਈ ਜੈਵ ਵਿਭਿੰਨਤਾ ਪ੍ਰਬੰਧਨ ਕਮੇਟੀ ਬਣਾਈ ਗਈ। ਕਲੱਸਟਰ ਦੇ ਮੁੱਖ ਸੂਚਨਾਕਾਰਾਂ ਅਤੇ ਗਿਆਨਵਾਨ ਵਿਅਕਤੀਆਂ ਤੋਂ ਜਾਣਕਾਰੀ ਇਕੱਠੀ ਕਰਕੇ ਉਸਦੇ ਦਸਤਾਵੇਜ਼ੀਕਰਨ ਦਾ ਕੰਮ ਜੈਵ ਵਿਭਿੰਨਤਾ ਪ੍ਰਬੰਧਨ ਕਮੇਟੀ ਦੀ ਮੱਦਦ ਨਾਲ ਕੀਤਾ ਗਿਆ। ਮਲਕਾਨਗਿਰੀ ਦੇ ਪੰਜ ਕਲਸਟਰਾਂ ਤੋਂ ਪ੍ਰਾਪਤ ਜੈਵ ਵਿਭਿੰਨਤਾ ਰਜਿਸਟਰਾਂ ਤੋਂ ਪ੍ਰਾਪਤ ਜਾਣਕਾਰੀ ਨੂੰ ਇੱਕ ਥਾਂ ਇਕੱਠਾ ਕਰਨ ਦਾ ਕੰਮ ਪੰਚਾਇਤ ਪੱਧਰ 'ਤੇ ਜਾਰੀ ਹੈ। ਪ੍ਰੋਜੈਕਟ ਦੇ ਖਤਮ ਹੋਣ 'ਤੇ 5 ਖੇਤੀ ਜੈਵ ਵਿਭਿੰਨਤਾ ਰਜਿਸਟਰ ਉਪਲਬਧ ਹੋਣਗੇ। ਪ੍ਰੰਪਰਿਕ ਫਸਲਾਂ ਦੇ ਨਮੂਨੇ ਇਕੱਠੇ ਕੀਤੇ ਗਏ ਅਤੇ ਬਨਸਪਤੀ ਸੰਗ੍ਰਿਹ ਵਿੱਚ ਰੱਖੇ ਗਏ।

**ਅਭਿਆਸ ਆਧਾਰਿਤ ਸਿੱਖਿਆ-ਕਿਸਾਨ ਕੇਂਦ੍ਰਿਤ ਖੋਜ ਅਤੇ ਸਹਿਭਾਗਿਤਾ ਨਾਲ ਕਿਸਮਾਂ ਦੀ ਚੋਣ (ਪੀ ਵੀ ਟੀ) ਦਾ ਸੰਚਾਲਨ:** ਸਹਿਭਾਗੀ ਕਿਸਮ ਟ੍ਰਾਇਲ (ਪੀ ਵੀ ਟੀ) ਇੱਕ ਅਜਿਹਾ ਵਿਸਤਾਰ ਖੋਜ ਟੂਲ ਹੈ ਜਿਸ ਨਾਲ ਛੋਟੇ ਖੇਤੀ ਪਰਿਸਥਿਤਕੀ ਖੇਤਰ ਲਈ ਕਿਸਮਾਂ ਦੇ ਤਲਾਬ ਵਿੱਚੋਂ ਉੱਤਮ ਕਿਸਮਾਂ ਦਾ ਪਤਾ ਲਗਾਇਆ ਜਾ ਸਕਦਾ ਹੈ। ਸਿੱਖਣ ਦੀ ਇਹ ਪ੍ਰਕ੍ਰਿਆ ਬੜੀ ਹੀ ਆਸਾਨ ਹੈ ਜਿਸ ਵਿੱਚ ਬ੍ਰੀਡਰ, ਖੇਤੀ ਵਿਗਿਆਨੀ ਅਤੇ ਕਿਸਾਨ ਇਹ ਇਕੱਠਿਆਂ ਸਿੱਖਦੇ ਹਨ ਕਿ ਕਿਹੜੀਆਂ ਕਿਸਮਾਂ ਖੇਤ ਉੱਪਰ ਵਧੀਆ ਚੱਲਣਗੀਆਂ ਅਤੇ ਕਿੰਨਾਂ ਨੂੰ ਕਿਸਾਨਾਂ ਵੱਲੋਂ ਤਰਜੀਹ ਦਿੱਤੀ ਜਾਂਦੀ ਹੈ।

ਸੂਖ਼ਮ ਖੇਤੀ ਵਾਤਵਰਨ ਲਈ ਰਾਗੀ ਦੀਆਂ ਕਿਹੜੀਆਂ ਕਿਸਮਾਂ ਨੂੰ ਕਿਸਾਨ ਪਸੰਦ ਕਰਨਗੇ, ਇਸਦੇ ਲਈ ਟ੍ਰਾਇਲ ਲਗਾਏ ਗਏ, ਕਿਸਾਨਾਂ ਦੇ ਖੇਤਾਂ ਉੱਪਰ ਸਾਂਝੇ ਤਜ਼ਰਬੇ ਕੀਤੇ ਗਏ ਜਿਸ ਵਿੱਚ ਕਿਸਾਨਾਂ ਨੂੰ ਵਿਭਿੰਨ ਫਸਲੀ ਪੜਾਵਾਂ ਉੱਪਰ ਸ਼ਾਮਿਲ ਕੀਤਾ ਗਿਆ, ਭਾਗੀਦਾਰੀ ਕਿਸਮ ਟ੍ਰਾਇਲ ਦਾ ਖਾਕਾ ਉਲੀਕਿਆ ਗਿਆ ਅਤੇ ਫਿਰ ਅੰਤ ਵਿੱਚ ਇਹਨਾਂ ਕਿਸਮਾਂ ਨੂੰ ਵੱਡੇ ਪੱਧਰ 'ਤੇ ਵਧਾਉਣ ਲਈ ਅਤੇ ਉਲਪਬ ਕਰਵਾਉਣ ਲਈ ਯੋਜਨਾ ਬਣਾਈ ਗਈ।

- ਹਰ ਬਲਾਕ ਵਿੱਚ, ਕਿਸਾਨਾਂ, ਓਐਮਐਮ ਪ੍ਰਤੀਨਿਧੀਆਂ ਅਤੇ ਵਾਸਨ ਦੇ ਸਟਾਫ ਨਾਲ ਸਥਾਨਕ ਰਾਗੀ ਕਿਸਮਾਂ ਦੀ ਪਛਾਣ ਕਰਨ, ਪਲਾਟ ਅਤੇ ਕਿਸਾਨ ਦੀ ਚੋਣ ਕਰਨ, ਸਿੰਚਾਈ ਸ੍ਰੋਤ ਦੀ ਜਾਣਕਾਰੀ ਅਤੇ ਖਾਕੇ ਨੂੰ ਡਿਜ਼ਾਈਨ ਕਰਨ ਲਈ ਯੋਜਨਾ ਮੀਟਿੰਗ ਬੁਲਾਈ ਗਈ।
- ਟ੍ਰਾਇਲ ਲਈ ਕੁੱਝ ਰਾਗੀ ਕਿਸਮਾਂ ਬਲਾਕ ਜਾਂ ਜਿਲ੍ਹੇ 'ਚੋਂ ਇਕੱਠੀਆਂ ਕੀਤੀਆਂ ਗਈਆਂ ਅਤੇ ਕੁੱਝ ਵਾਸਨ ਦੁਆਰਾ ਹੋਰ ਜਿਲ੍ਹਿਆਂ ਤੋਂ ਮੰਗਵਾਈਆਂ ਗਈਆਂ।
- ਪੀਵੀਟੀ ਟ੍ਰਾਇਲ ਰੈਂਡਮਾਈਜ਼ਡ ਬਲਾਕ ਡਿਜ਼ਾਈਨ ਵਿੱਚ ਤਿਆਰ ਕੀਤਾ ਗਿਆ ਜਿਸ ਵਿੱਚ ਜਾਂਚ ਦੇ ਲਈ ਸਰਕਾਰ ਦੁਆਰਾ ਸਿਫਾਰਿਸ਼ ਕਿਸਮਾਂ ਨੂੰ ਤਿੰਨ ਪ੍ਰਤੀਕ੍ਰਿਤੀਆਂ ਵਿੱਚ ਲਗਾਇਆ ਗਿਆ।(ਇੱਥੇ ਪ੍ਰਤੀਕ੍ਰਿਤੀ ਦਾ ਅਰਥ ਹੈ ਕਿ ਇੱਕ ਕਿਸਮ ਨੂੰ ਪਹਿਲਾਂ ਇੱਕ ਥਾਂ ਲਗਾਇਆ, ਫਿਰ ਥੋੜ੍ਹੀ ਦੂਰੀ 'ਤੇ। ਇਸ ਤਰ੍ਹਾਂ ਤਿੰਨ ਵਾਰ ਲਗਾਇਆ ਗਿਆ।)

- ਪ੍ਰਤਿ ਕਿਸਮ ਪ੍ਰਤਿ ਪ੍ਰਤਿਕ੍ਰਿਤੀ ਪਲਾਟ ਆਕਾਰ 25 ਵਰਗ ਮੀਟਰ ਰੱਖਿਆ ਗਿਆ।
- ਪ੍ਰਤੀਕ੍ਰਿਤੀ ਤੋਂ ਪ੍ਰਤੀਕ੍ਰਿਤੀ ਵਿਚਕਾਰ 100 ਸੈਂਮੀ. ਦੀ ਦੂਰੀ ਰੱਖੀ ਗਈ ਅਤੇ ਪ੍ਰਤੀਕ੍ਰਿਤੀ ਵਿੱਚ ਇੱਕ ਕਿਸਮ ਤੋਂ ਦੂਜੀ ਕਿਸਮ ਵਿਚਕਾਰ ਦੂਰੀ 60 ਸੈਂਮੀ. ਰੱਖੀ ਗਈ।
- ਕਿਸਾਨਾਂ ਅਤੇ ਸਥਾਨਕ ਸਟਾਫ ਨੇ ਨਿਯਮਿਤ ਪਲਾਟ ਦਾ ਦੌਰਾ ਕੀਤਾ ਅਤੇ ਬਿਜਾਈ, ਪਨੀਰੀ ਲਗਾਉਣਾ, ਗੁਡਾਈ ਅਤੇ ਫੁੱਲ ਆਉਣਾ ਆਦਿ ਦਾ ਸਭ ਵੇਰਵਾ ਰਿਕਾਰਡ ਕੀਤਾ।
- ਪੱਕਣ ਦੀ ਸਟੇਜ 'ਤੇ ਕਿਸਾਨ ਖੇਤ ਦਿਵਸ ਆਯੋਜਿਤ ਕੀਤਾ ਗਿਆ।

ਕਮਿਊਨਿਟੀ ਰਿਸੋਰਸ ਵਿਅਕਤੀ ਦੇ ਨਾਲ ਮਿਲ ਕੇ ਕਿਸਾਨਾਂ ਦੇ ਸਮੂਹ ਨੇ ਵਿਚਾਰ ਵਟਾਂਦਰੇ ਤੋਂ ਬਾਅਦ ਉਹਨਾਂ ਲਈ ਢੁੱਕਵੀਆਂ ਕਿਸਮਾਂ ਦੀ ਪਛਾਣ ਕੀਤੀ ਅਤੇ ਉਹਨਾਂ ਉੱਪਰ ਰੰਗ-ਬਿਰੰਗੇ ਟੈਗ ਲਗਾ ਦਿੱਤੇ। ਕਮਿਊਨਿਟੀ ਰਿਸੋਰਸ ਪਰਸਨ ਨੇ ਉਹਨਾਂ ਦੀ ਦਰਜਾਬੰਦੀ ਅਤੇ ਜੋ ਵਿਸ਼ੇਸ਼ਤਾਵਾਂ ਨੂੰ ਉਹਨਾਂ ਨੇ ਤਰਜੀਹ ਦਿੱਤੀ, ਦੇ ਆਧਾਰ 'ਤੇ ਜਾਣਕਾਰੀ ਇਕੱਠੀ ਕੀਤੀ । ਖੋਜਕਰਤਾ ਨੇ ਇਹ ਸਾਰਾ ਡਾਟਾ ਇਕੱਠਾ ਕੀਤਾ ਜਿਸ ਵਿੱਚ ਫਲ ਲੱਗਣ ਦੇ

ਪੜਾਅ ਤੇ ਦਿਖਾਈ ਦੇਣ ਵਾਲੀਆਂ ਅਤੇ ਮਾਪ ਵਿਸ਼ੇਸ਼ਤਾਵਾਂ ਸ਼ਾਮਿਲ ਸਨ ਅਤੇ ਇਹਨਾਂ ਨੂੰ ਨਿਰਧਾਰਤ ਫਾਰਮੈਟ ਵਿੱਚ ਇਕੱਠਾ ਕੀਤ ਗਿਆ ਅਤੇ ਫਿਰ ਉਸਨੂੰ ਸਕੋਰ ਦਿੱਤਾ ਗਿਆ। ਕਿਸਾਨਾਂ ਅਤੇ ਖੋਜਕਰਤਾਵਾਂ ਤੋਂ ਚੋਣਵੀਆਂ ਕਿਸਮਾਂ ਦਾ ਡਾਟਾ ਇਕੱਠਾ ਕਰਕੇ ਉਸਦੇ ਆਧਾਰ 'ਤੇ ਬਲਾਕ ਦੇ ਲਈ ਉੱਤਮ ਦੋ ਕਿਸਮਾਂ ਦੀ ਚੋਣ ਕੀਤੀ ਗਈ ਅਤੇ ਆਉਣ ਵਾਲੇ ਸਾਲ ਵਿੱਚ ਇਹਨਾਂ ਦੋ ਕਿਸਮਾਂ ਦੇ ਬੀਜਾਂ ਨੂੰ ਗੁਣਾ ਕਰਨ ਦੀ ਯੋਜਨਾ ਬਣਾਈ ਗਈ। ਬਾਟੀ ਮੰਡੀਆ (ਮੰਡੀਆ ਰਾਗੀ ਦਾ ਹੀ ਇੱਕ ਨਾਮ ਹੈ), ਲਾਡੂ ਮੰਡੀਆ, ਸਰਗੀ ਮੰਡੀਆ, ਬੜਾ ਮੰਡੀਆ, ਕਾਲਾਗੰਠੀ ਅਤੇ ਮਮੀ ਮੰਡੀਆ ਇਹ ਕੁੱਝ ਚੁਣੀਆਂ ਹੋਈਆਂ ਕਿਸਮਾਂ ਹਨ। ਪਿੰਡ ਦੇ ਸਮੁਦਾਇਆਂ ਨੂੰ ਕੇਂਦਰ ਵਿਖੇ ਉਗਾਈਆਂ ਜਾ ਰਹੀਆਂ ਵਿਭਿੰਨ ਕਿਸਮਾਂ ਬਾਰੇ ਜਾਣੂ ਕਰਵਾਉਣ ਲਈ ਐਕਸਪੋਜ਼ਰ ਦੌਰੇ ਆਯੋਜਿਤ ਕੀਤੇ ਗਏ। ਵਿਭਿੰਨ ਜਿਲ੍ਹਿਆਂ ਤੋਂ ਕਿਸਾਨ ਸਮੂਹਾਂ ਨੇ ਫਸਲ ਪ੍ਰਬੰਧਨ, ਪੋਸ਼ਣ ਪ੍ਰਬੰਧਨ, ਰੋਗ ਅਤੇ ਕੀਟ ਪ੍ਰਬੰਧਨ ਦੀ ਪ੍ਰੈਕਟੀਕਲ ਜਾਣਕਾਰੀ ਪ੍ਰਾਪਤ ਕਰਨ ਲਈ ਕੇਂਦਰ ਦਾ ਦੌਰਾ ਕੀਤਾ। ਪ੍ਰੈਕਟੀਕਲ ਜਾਣਕਾਰੀ ਦੇ ਨਾਲ-ਨਾਲ ਖੇਤੀਬਾੜੀ ਵਿਭਾਗ ਅਤੇ ਵਾਸਨ ਨੇ ਕਿਸਾਨਾਂ ਲਈ ਕਲਾਸ ਰੂਮ ਸਿਖਲਾਈ ਦਾ ਵੀ ਪ੍ਰਬੰਧ ਕੀਤਾ। ਇਸਦੇ ਨਾਲ ਹੀ ਕਿਸਾਨਾਂ ਵੱਲੋਂ ਤਰਜੀਹ ਦਿੱਤੀਆਂ ਮੂਲ ਅਨਾਜਾਂ ਦੀਆਂ ਕਿਸਮਾਂ ਦੇ ਬੀਜ ਉਹਨਾਂ ਨੂੰ ਦਿੱਤੇ ਗਏ ਤਾਂਕਿ ਉਹ ਆਪਣੇ ਖੇਤ ਵਿੱਚ ਉਹਨਾਂ ਬੀਜਾਂ ਨੂੰ ਉਗਾ ਕੇ ਉਹਨਾਂ ਨੂੰ ਗੁਣਾ ਕਰ ਸਕਣ। ਹਾਲੇ ਕਿਸਾਨਾਂ ਲਈ ਕਿਸਾਨ ਖੇਤ ਸਕੂਲ ਸ਼ੁਰੂ ਨਹੀਂ ਕੀਤੇ ਗਏ ਹਨ, ਅਤੇ ਇਸਦੇ ਨਾਲ ਹੀ 2022-23 ਤੋਂ ਕਿਸਾਨਾਂ ਲਈ ਕੇਂਦਰ ਵਿੱਚ ਲੋੜੀਂਦੀਆਂ ਰਿਹਾਇਸ਼ੀ ਸਹੂਲਤਾਂ ਚਾਲੂ ਕੀਤੀਆਂ ਜਾਣਗੀਆਂ।



ਮਲਕਾਨਗਿਰੀ ਜਿਲ੍ਹੇ ਦੀ ਕੋਰਕੁੰਡਾ ਤਹਿਸੀਲ ਦੇ ਜੀ ਪੀ ਗੋਪੀਨਾਥਪੁਰ ਬਲਾਕ ਦੇ ਪਿੰਡ ਦੁਦੂਮਗੁਧਾ ਦੇ ਰਹਿਣ ਵਾਲਾ ਧਰਮੇਂਦਰ ਖਾਰਾ ਪਰੋਜਾ ਸਮੁਦਾਇ ਦਾ ਇੱਕ ਆਦੀਵਾਸੀ ਕਿਸਾਨ ਹੈ। ਉਹ ਰਾਗੀ ਦੀਆਂ 5 ਪ੍ਰੰਪਰਿਕ ਕਿਸਮਾਂ, ਕੁਟਕੀ ਦੀਆਂ 2 ਕਿਸਮਾਂ ਅਤੇ ਦਾਲਾਂ ਦੀਆਂ 5 ਕਿਸਮਾਂ ਦੀ ਜਾਣਕਾਰੀ ਦੇਣ ਵਾਲਾ ਮੁੱਖ ਸੂਚਨਾਕਾਰ ਹੈ। ਉਹ ਇਹ ਕਿਸਮਾਂ ਆਪਣੇ ਖੇਤ ਉੱਪਰ ਉਗਾਉਂਦਾ ਹੈ। ਉਸਦੇ ਕੋਲ 3 ਏਕੜ ਉੱਚੀ ਅਤੇ 2 ਏਕੜ ਨੀਵੀਂ ਜ਼ਮੀਨ ਹੈ। ਉਹ ਰਾਗੀ, ਕੁਟਕੀ, ਜਵਾਰ, ਛੋਲਿਆਂ, ਅਰਹਰ, ਕੁਲਥ, ਤਿਲ, ਰਾਮਤਿਲ ਆਦਿ ਆਪਣੀ ਉੱਚੀ ਜ਼ਮੀਨ ਵਿੱਚ ਅੰਤਰ ਫਸਲੀ, ਮਿਸ਼੍ਰਿਤ ਖੇਤੀ ਪ੍ਰਨਾਲੀ, ਬਹੁਫਸਲੀ ਪ੍ਰਨਾਲੀ ਅਤੇ ਫਸਲੀ ਚੱਕਰ ਆਦਿ ਤਰੀਕਿਆਂ ਨਾਲ ਉਗਾਉਂਦਾ ਹੈ। ਉਸਨੂੰ ਬੀਜਾਂ ਦੀ ਚੋਣ, ਸ਼ੁੱਧ ਬੀਜਾਂ ਨੂੰ ਉਗਾਉਣ ਅਤੇ ਚੋਣ ਕਰਨ ਅਤੇ ਬੀਜਾਂ ਦੀ ਸੰਭਾਲ ਦੇ ਪ੍ਰੰਪਰਿਕ ਤਰੀਕਿਆਂ ਦੀ ਜਾਣਕਾਰੀ ਅਤੇ ਅਨੁਭਵ ਹੈ। ਪਿੰਡ ਦੇ ਅਤੇ ਬਾਹਰ ਦੇ ਪਿੰਡਾਂ ਦੇ ਕਿਸਾਨ ਉਸ ਕੋਲ ਬੀਜ ਲੈਣ ਲਈ ਆਉਂਦੇ ਹਨ। ਉਹ ਲੋਕਾਂ ਵਿੱਚਕਾਰ ਇਸ ਬਾਰੇ ਜਾਗਰੂਕਤਾ ਲਿਆਉਣ ਲਈ ਵੀ ਕੰਮ ਕਰਦਾ ਹੈ ਕਿ ਕਿਉਂ ਪ੍ਰੰਪਰਿਕ ਕਿਸਮਾਂ ਨੂੰ ਬਚਾਉਣਾ ਜਰੂਰੀ ਹੈ ਅਤੇ ਇਹਨਾਂ ਦਾ ਕੀ ਮਹੱਤਵ ਹੈ। ('ਲੈਂਡਰੇਸਸ ਲਈ ਬੀਜ ਵਿਵਸਥਾ' ਸਰਵੇਖਣ, ਮਾਰਚ 2022)



ਖੇਤੀ ਪਰਿਸਥਿਤਕੀ ਕੇਂਦਰ ਦੇ ਦੌਰੇ ਨੇ ਕਿਸਾਨਾਂ ਨੂੰ ਫਸਲਾਂ ਦੀ ਵਿਸ਼ਾਲ ਵਿਭਿੰਨਤਾ ਬਾਰੇ ਜਾਣੂ ਕਰਵਾਇਆ ਜੋ ਖੇਤਾਂ ਵਿੱਚ ਉਗਾਈ ਜਾ ਸਕਦੀ ਹੈ।

**ਸਿੱਟਾ-** ਉੜੀਸਾ ਮਿਲਿਟ ਮਿਸ਼ਨ ਸਰੋਤਾਂ ਦੀ ਸੰਭਾਲ ਅਤੇ ਖੇਤੀ ਵਿਗਿਆਨ ਦ੍ਰਿਸ਼ਟੀਕੋਣ ਬਾਰੇ ਕਿਸਾਨਾਂ ਦਾ ਮਾਰਗਦਰਸ਼ਨ ਕਰਨ ’ਤੇ ਧਿਆਨ ਕੇਂਦ੍ਰਿਤ ਕਰ ਰਿਹਾ ਹੈ। ਇਹ ਕੇਂਦਰ ਕਿਸਾਨ ਭਾਈਚਾਰੇ ਦੀ ਗਿਆਨ ਪ੍ਰਾਪਤ ਕਰਨ, ਮੁੱਖਧਾਰਾ ਦੀਆਂ ਏਜੰਸੀਆਂ ਨਾਲ ਮਿਲ ਕੇ ਕੰਮ ਕਰਨ ਅਤੇ ਇਸ ਕੰਮ ਨੂੰ ਹੋਰ ਅੱਗੇ ਲੈ ਜਾਣ ਲਈ ਪ੍ਰੋਤਸ਼ਾਹਿਤ ਕਰਨ ਲਈ ਕੰਮ ਕਰ ਰਿਹਾ ਹੈ। ਖੇਤੀ ਜੈਵ ਵਿਭਿੰਨਤਾ ਰਜਿਸਟਰ ਕਿਸਾਨ ਭਾਈਚਾਰੇ ਨੂੰ ਕਿਸਮਾਂ ਨੂੰ ਪੌਦ ਕਿਸਮਾਂ ਅਤੇ ਕਿਸਾਨ ਅਧਿਕਾਰ ਐਕਟ (ਪਲਾਂਟ ਵੈਰਾਇਟੀਜ਼ ਅਤੇ ਫਾਰਮਰਜ਼ ਰਾਈਟਸ ਐਕਟ) ਤਹਿਤ ਢੁੱਕਵੀਂ ਰਜਿਸਟ੍ਰੇਸ਼ਨ ਵਿਧੀ ਰਾਹੀ ਕਿਸਾਨ ਕਿਸਮਾਂ ਦੇ ਰੂਪ ਵਿੱਚ ਮੁੱਖ ਧਾਰਾ ਵਿੱਚ ਲਿਆਉਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ।

### ਸੰਦਰਭ


Itieri, P. R. **Agroecology - Science and Politics** *(Agrarian change and peasant studies series), 2017. North America: Fernwood Publisher*, 32 Oceanvista Lane.

Brokenshaw, D.W., D.M. Warren, and O. Werner. **Indigenous Knowledge Systems and Development** *1980, Lanham, University Press of America*.

Balam, D. (2021, January 27). *https://milletmission.wordpress.com/.* Retrieved from www.milletsodisha.com: *https://milletmission.wordpress.com/2021/01/28/community-led-centre-for-excellence-for-agro-ecologyand-agro-biodiversity-launched-in-malkangiri-districtby-government-of-odisha/*



**ਸੁਸਾਂਤਾ ਸੇਖਰ ਚੌਧਰੀ**
ਖੇਤਰੀ ਕੋਆਰਡੀਨੇਟਰ, ਵਾਸਨ
ਨੀਲਕੰਠ ਨਗਰ, ਨਯਾਪੱਲੀ
ਭੁਵਨੇਸ਼ਵਰ–751012
ਈਮੇਲ: sushantsekhar@rediffmail.com
susant@wassan.org